**ਸੂਚਨਾ**

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੰਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)**
**ਮੋ: 86995-69067**



ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

# ਆਜ਼ਾਦ ਸੋਚ ™

www.facebook.com/Azadsoch | www.youtube.com/AzadSoch

ਸੰਗਰੂਰ ਤੋਂ ਪ੍ਰਕਾਸ਼ਿਤ

Postal No. PB/PTA/ (055) 2023-25
R.N.I N O. 61549/92
Website :
www.azadsoch.in
Mail Us at :
azadsoach92@gmail.com
(ਕੇਵਲ ਖ਼ਬਰਾਂ ਲਈ)
azadsochadvt@gmail.com
(ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 35 | ਅੰਕ (Vol. ) 67 | ਮੁੱਲ (Rate) 01.00 ਰੁਪਏ | Wednesday 18 March, 2026 | ਬੁੱਧਵਾਰ 18 ਮਾਰਚ , 2026

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋ ਮਾਜਰਾ ਰੋਡ ਪਟਿਆਲਾ


# ਜੇਕਰ ਭਗਤ ਸਿੰਘ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਹੁੰਦੇ ਤਾਂ ਦੇਸ਼ ਦਾ ਨਕਸ਼ਾ ਕੁਝ ਹੋਰ ਹੁੰਦਾ : ਭਗਵੰਤ ਸਿੰਘ ਮਾਨ

**ਆਜ਼ਾਦ ਸੋਚ**
**ਸੁਰਿੰਦਰ ਗਰਗ/ਗੁਰਪ੍ਰੀਤ ਸਿੰਘ ਖਾਲਸਾ**
**ਧੂਰੀ/ਸੰਗਰੂਰ, 17 ਮਾਰਚ**

ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਜੇਕਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਹੁੰਦੇ ਤਾਂ ਅੱਜ ਦੇਸ਼ ਦਾ ਨਕਸ਼ਾ ਬਿਲਕੁਲ ਵੱਖਰਾ ਹੁੰਦਾ। ਉਨ੍ਹਾਂ ਨੇ ਸਵਾਲ ਕਰਦਿਆਂ ਕਿਹਾ ਕਿ ਆਜ਼ਾਦੀ ਦੇ ਦਹਾਕਿਆਂ ਬਾਅਦ ਵੀ ਦੇਸ਼ ਵੇਲਾ ਵਿਹਾਅ ਚੁੱਕੇ ਸਿਸਟਮ ਦੇ ਜਾਲ ਵਿੱਚ ਕਿਉਂ ਉਲਝਿਆ ਹੋਇਆ ਹੈ ਜਦਕਿ ਇਸੇ ਸਿਸਟਮ ਤੋਂ ਨਿਜਾਤ ਪਾਉਣ ਲਈ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਇਨਕਲਾਬੀਆਂ ਨੇ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਇਹ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਸਾਲ 2027 ਵਿੱਚ ਵੀ ਆਮ ਆਦਮੀ ਪਾਰਟੀ ਹੀ ਸੱਤਾ ਵਿੱਚ ਆਵੇਗੀ ਕਿਉਂਕਿ ਚਾਰ ਸਾਲਾਂ ਵਿੱਚ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ ਹਨ ਅਤੇ ਵਿਰੋਧੀਆਂ ਕੋਲ ਲੋਕਾਂ ਅੱਗੇ ਜਾਣ ਲਈ ਕੋਈ ਮੁੱਦਾ ਨਹੀਂ ਬਚਿਆ।

ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵਾਰੋ-ਵਾਰੀ ਪੰਜਾਬ ਨੂੰ ਲੁੱਟਣ ਤੋਂ ਬਾਅਦ ਹੁਣ ਫੇਰ ਸੱਤਾ ਵਿੱਚ ਆਉਣ ਲਈ ਆਪਸ ਵਿੱਚ ਕਾਟੋ-ਕਲੇਸ਼ ਕਰ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਕਾਲੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਦੌਰਾਨ ਸ਼ਹੀਦ ਹੋਏ 750 ਕਿਸਾਨਾਂ ਨੂੰ ਪੰਜਾਬ ਅਜੇ ਭੁੱਲਿਆ ਨਹੀਂ ਹੈ।

ਅੱਜ ਨਵੇਂ ਬਣੇ ਸਬ-ਡਿਵੀਜ਼ਨਲ ਹਸਪਤਾਲ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਲੋਕ-ਪੱਖੀ ਫੈਸਲਿਆਂ ਕਾਰਨ 'ਆਪ' ਸੂਬੇ ਵਿੱਚ ਦੁਬਾਰਾ ਸਰਕਾਰ ਬਣਾਏਗੀ।" ਉਨ੍ਹਾਂ ਅੱਗੇ ਕਿਹਾ, "ਪੰਜਾਬ ਦੇ ਲੋਕ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ 'ਆਪ' ਸਰਕਾਰ ਬਣਾਉਣ ਲਈ ਉਤਾਵਲੇ ਹਨ। ਸਾਲ 2022 ਵਿੱਚ ਸਹੀਦ-ਏ-ਆਜਮ ਭਗਤ ਸਿੰਘ ਦੇ ਜੱਦੀ ਪਿੰਡ ਤੋਂ ਸੱਤਾ ਸੰਭਾਲਣ ਤੋਂ ਬਾਅਦ ਸਾਡੀ ਸਰਕਾਰ ਨੇ ਕਈ ਲੋਕ-ਪੱਖੀ ਫੈਸਲੇ ਲਏ। ਅਸੀਂ ਚਾਰ ਸਾਲਾਂ ਵਿੱਚ ਆਪਣੇ ਸਾਰੇ ਵਾਅਦੇ ਪਹਿਲਾਂ ਹੀ ਪੂਰੇ ਕਰ ਲਏ ਹਨ ਅਤੇ ਆਉਣ ਵਾਲੇ ਇੱਕ ਸਾਲ ਵਿੱਚ ਅਸੀਂ ਸੂਬੇ ਨੂੰ ਨਵੇਂ ਸਿਖਰ 'ਤੇ ਲੈ ਜਾਵਾਂਗੇ।" ਸਾਸਨ ਵਿਵਸਥਾ ਵਿੱਚ ਨਵੀਆਂ ਪਿਰਤਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ ਚਾਰ ਸਾਲਾਂ ਵਿੱਚ ਸਾਰੇ ਵਾਅਦੇ ਪੂਰੇ ਕਰਕੇ ਰਾਜਨੀਤੀ ਵਿੱਚ ਨਵੀਂ ਕਵਾਇਦ ਸ਼ੁਰੂ ਕੀਤੀ ਹੈ, ਜਦੋਂ ਕਿ ਦੂਜੀਆਂ ਪਾਰਟੀਆਂ ਪੰਜ ਸਾਲਾਂ ਵਿੱਚ ਅਜਿਹਾ ਕਰਨ ਦੇ ਕਾਬਲ ਨਹੀਂ ਹਨ। ਪਹਿਲੇ ਦਿਨ ਤੋਂ ਹੀ ਸਾਡੀ ਸਰਕਾਰ






ਪਿਛਲੀਆਂ ਸਰਕਾਰਾਂ ਦੇ ਘਟੀਆ ਸਿਸਟਮ ਨੂੰ ਸੁਧਾਰ ਰਹੀ ਹੈ ਅਤੇ ਅਸੀਂ ਆਮ ਆਦਮੀ ਦੀ ਭਲਾਈ ਲਈ ਦਲੇਰਾਨਾ ਫੈਸਲੇ ਲੈਣ ਤੋਂ ਝਿਜਕਦੇ ਨਹੀਂ ਹਾਂ।" ਉਨ੍ਹਾਂ ਅੱਗੇ ਕਿਹਾ, "ਹੁਣ ਫਿਰ ਕਾਂਗਰਸ ਅਤੇ ਬਾਦਲ ਸੂਬੇ ਨੂੰ ਲੁੱਟਣ ਦਾ ਇੱਕ ਹੋਰ ਮੌਕਾ ਲੱਭ ਰਹੇ ਹਨ ਜਦੋਂ ਕਿ ਸੂਬੇ ਨੇ ਪਹਿਲਾਂ ਹੀ ਇਨ੍ਹਾਂ ਦੀ ਸੱਤਾ ਦੌਰਾਨ ਵਿੱਚ ਬਹੁਤ ਕੁਝ ਝੱਲਿਆ ਹੈ।"

ਲੋਕਾਂ ਦੀਆਂ ਭਾਵਨਾਵਾਂ ਦਾ ਜ਼ਿਕਰ ਹੋਏ ਉਨ੍ਹਾਂ ਕਿਹਾ, "ਸੂਬੇ ਦੇ ਸੂਝਵਾਨ ਲੋਕ ਇਨ੍ਹਾਂ ਨੂੰ ਕਦੇ ਵੀ ਇੱਕ ਹੋਰ ਮੌਕਾ ਨਹੀਂ ਦੇਣਗੇ ਅਤੇ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਸਿਆਸੀ ਗੁਮਨਾਮੀ ਵਿੱਚ ਭੇਜ ਦਿੱਤਾ ਜਾਵੇਗਾ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, "ਜਿਨ੍ਹਾਂ ਆਗੂਆਂ ਨੇ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦਿੱਤੀ ਸੀ, ਉਨ੍ਹਾਂ ਨੂੰ ਸਲਾਖਾਂ ਪਿੱਛੇ ਸੁੱਟਿਆ ਗਿਆ। ਇਨ੍ਹਾਂ ਆਗੂਆਂ ਨੇ ਨਾ ਸਿਰਫ ਸੂਬੇ ਵਿੱਚ ਨਸ਼ਿਆਂ ਦੇ ਕਾਰੋਬਾਰ ਦੀ ਪੁਸ਼ਤਪਨਾਹੀ ਕੀਤੀ, ਸਗੋਂ ਆਪਣੀਆਂ ਸਰਕਾਰੀ ਗੱਡੀਆਂ ਵਿੱਚ ਨਸੇ ਵੇਚੇ ਤੇ ਸਪਲਾਈ ਵੀ ਕੀਤੇ। ਪਹਿਲਾਂ ਕਿਸੇ ਨੇ ਵੀ ਇਨ੍ਹਾਂ ਰਸੂਖਵਾਨ ਆਗੂਆਂ ਨੂੰ ਹੱਥ ਪਾਉਣ ਦੀ ਹਿੰਮਤ ਨਹੀਂ ਕੀਤੀ ਸੀ, ਪਰ ਸਾਡੀ ਸਰਕਾਰ ਨੇ ਅਜਿਹਾ ਕੀਤਾ ਹੈ ਅਤੇ ਹੁਣ ਉਹ ਆਪਣੇ ਪਾਪਾਂ ਦੀ ਕੀਮਤ ਚੁਕਾ ਰਹੇ ਹਨ।"

**• ਆਜ਼ਾਦੀ ਦੇ ਏਨੇ ਸਾਲਾਂ ਬਾਅਦ ਵੀ ਅਸੀਂ ਪੁਰਾਣੇ ਸਿਸਟਮ ਦੇ ਗੁਲਾਮ ਹਾਂ, ਕੀ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਏਸੇ ਕਰਕੇ ਸ਼ਹੀਦ ਹੋਏ ਸਨ? ਮੁੱਖ ਮੰਤਰੀ • ਚਾਰ ਸਾਲਾਂ ਵਿੱਚ ਸਾਰੇ ਵਾਅਦੇ ਪੂਰੇ ਹੋਣ ਨਾਲ ਵਿਰੋਧੀ ਬੁਖਲਾਏ, ਉਨ੍ਹਾਂ ਕੋਲ ਚੋਣਾਂ ਮੌਕੇ ਲੋਕਾਂ ਕੋਲ ਜਾਣ ਦਾ ਕੋਈ ਮੁੱਦਾ ਨਹੀਂ ਬਚਿਆ-ਭਗਵੰਤ ਸਿੰਘ ਮਾਨ • ਅਕਾਲੀ-ਭਾਜਪਾ ਅਤੇ ਕਾਂਗਰਸ ਨੇ ਵਾਰੋ-ਵਾਰੀ ਪੰਜਾਬ ਨੂੰ ਲੁੱਟਿਆ, ਹੁਣ ਇਨ੍ਹਾਂ ਪਾਰਟੀਆਂ ਨੂੰ ਲੋਕ ਕਦੇ ਮੌਕਾ ਨਹੀਂ ਦੇਣਗੇ-ਭਗਵੰਤ ਸਿੰਘ ਮਾਨ • ਸਾਰੇ ਵਿਰੋਧੀ ਕੁਰਸੀ ਦੀ ਲੜਾਈ ਲੜ ਰਹੇ ਹਨ ਅਤੇ ਭਗਵੰਤ ਮਾਨ ਲੋਕਾਂ ਦੇ ਹੱਕਾਂ ਦੀ ਲੜਾਈ ਲੜ ਰਿਹਾ : ਭਗਵੰਤ ਮਾਨ • ਮੋਦੀ ਸਰਕਾਰ ਦੇ ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਵਿੱਚ ਸ਼ਹੀਦ ਹੋਏ 750 ਕਿਸਾਨਾਂ ਨੂੰ ਪੰਜਾਬ ਭੁੱਲਿਆ ਨਹੀਂ-ਭਗਵੰਤ ਸਿੰਘ ਮਾਨ**

ਇਨ੍ਹਾਂ ਲੀਡਰਾਂ ਦੀ ਆਪਸੀ ਮਿਲੀਭੁਗਤ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਨ੍ਹਾਂ ਸਿਆਸੀ ਪਾਰਟੀਆਂ ਵਿਚਕਾਰ ਨਾਪਾਕ ਗਠਜੋੜ ਬਣਿਆ ਹੋਇਆ ਸੀ ਕਿਉਂਕਿ ਉਹ ਸੂਬੇ ਦਾ ਖਜ਼ਾਨਾ ਲੁੱਟਣ ਲਈ ਇਕ-ਦੂਜੇ ਨਾਲ ਹੱਥ ਮਿਲਾ ਲੈਂਦੇ ਸਨ। ਜਦੋਂ ਸੱਤਾ ਵਿੱਚ ਸਨ ਤਾਂ ਇਹ ਪਾਰਟੀਆਂ ਇਕ-ਦੂਜੇ ਦੇ ਗੁਨਾਹਾਂ ਨੂੰ ਲੁਕਾਉਣ ਲਈ ਜਾਣਬੁੱਝ ਕੇ ਅੱਖਾਂ ਫੇਰ ਲੈਂਦੀਆਂ ਸਨ ਅਤੇ ਬਚਾਅ ਕਰ ਲੈਂਦੀਆਂ ਹਨ। ਹਾਲਾਂਕਿ, 'ਆਪ' ਸਰਕਾਰ ਨੇ ਇਹ ਯਕੀਨੀ ਬਣਾਇਆ ਕਿ ਇਸ ਘਿਨਾਉਣੇ ਅਪਰਾਧ ਦੇ ਦੋਸੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਜਾਵੇ।"

ਵਿਰੋਧੀ ਆਗੂਆਂ 'ਤੇ ਨਿਸਾਨਾ ਸਾਧਦੇ ਹੋਏ, ਉਨ੍ਹਾਂ ਕਿਹਾ, "ਅੱਜ ਵੀ ਉਹ ਇਕਮਿਕ ਹਨ। ਚਰਨਜੀਤ ਸਿੰਘ ਚੰਨੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਸੁਖਜਿੰਦਰ ਸਿੰਘ ਰੰਧਾਵਾ, ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ ਅਤੇ ਹੋਰ ਲੀਡਰ ਮੈਨੂੰ ਨਿਸਾਨਾ ਬਣਾਉਣ ਵਾਲੀ ਜੁੰਡਲੀ ਵਿੱਚ ਸਾਮਲ ਹਨ। ਪਹਿਲਾਂ ਇਹ ਆਗੂ ਮੈਨੂੰ ਮਨੋਰੰਜਨ ਕਰਨ ਵਾਲਾ ਦੱਸ ਕੇ ਮੇਰਾ ਮਜਾਕ ਉਡਾਉਂਦੇ ਸਨ, ਪਰ ਹੁਣ ਉਹ ਡਰ ਦੇ ਮਾਰੇ ਦਿਨ-ਰਾਤ ਮੇਰਾ ਨਾਮ ਜਪਦੇ ਹਨ।" ਉਨ੍ਹਾਂ ਅੱਗੇ ਕਿਹਾ, "2017 ਵਿੱਚ, ਜਦੋਂ 'ਆਪ' ਨੂੰ ਕਈ ਸੀਟਾਂ ਮਿਲੀਆਂ ਅਤੇ ਉਹ ਵਿਰੋਧੀ ਧਿਰ ਬਣ ਗਈ, ਉਨ੍ਹਾਂ ਨੇ ਕਿਹਾ ਕਿ ਕੁਝ ਨਹੀਂ ਹੋਣ ਵਾਲਾ। ਸਾਲ 2022 ਵਿੱਚ ਉਨ੍ਹਾਂ ਕਿਹਾ ਕਿ ਕੁਝ ਨਹੀਂ ਹੋਵੇਗਾ, ਪਰ ਸਾਡੀ ਸਰਕਾਰ ਨੇ ਲੋਕਾਂ ਦੇ ਹਿੱਤ ਵਿੱਚ ਕਈ ਪਹਿਲਕਦਮੀਆਂ ਕੀਤੀਆਂ। ਹੁਣ ਫਿਰ ਉਹ ਕਹਿੰਦੇ ਹਨ ਕਿ ਸਾਲ 2027 ਵਿੱਚ ਕੁਝ ਨਹੀਂ ਹੋਵੇਗਾ, ਪਰ 'ਆਪ' ਭਾਰੀ ਬਹੁਮਤ ਨਾਲ ਦੁਬਾਰਾ ਸਰਕਾਰ ਬਣਾਏਗੀ।"

ਵਿਰੋਧੀ ਧਿਰ ਦੀ ਨਖਿੱਧ ਕਾਰਗੁਜ਼ਾਰੀ 'ਤੇ ਵਰ੍ਹਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੂਰੀ ਵਿਰੋਧੀ ਧਿਰ ਨੇ ਵਿਧਾਨ ਸਭਾ ਦੇ ਅੰਦਰ ਤੇ ਬਾਹਰ ਲੋਕਾਂ ਦਾ ਇੱਕ ਵੀ ਮੁੱਦਾ ਨਹੀਂ ਚੁੱਕਿਆ। ਇਸ ਤੋਂ ਪਤਾ ਲਗਦਾ ਹੈ ਕਿ ਉਹ ਸਿਰਫ ਆਪਣੇ ਅਹੁਦਿਆਂ ਨੂੰ ਲੈ ਕੇ ਚਿੰਤਤ ਹਨ ਕਿਉਂਕਿ ਉਹ ਸਿਰਫ ਸੱਤਾ ਦੇ ਭੁੱਖੇ ਹਨ।" ਉਨ੍ਹਾਂ ਅੱਗੇ ਕਿਹਾ, "ਸੱਤਾ ਪ੍ਰਾਪਤ ਕਰਨ ਲਈ ਤਰਲੋਮੱਛੀ ਹੋਇਆ ਅਕਾਲੀ ਦਲ ਲੋਕਾਂ ਨੂੰ ਗੁੰਮਰਾਹ ਕਰਨ ਲਈ ਸੋਸਲ ਮੀਡੀਆ 'ਤੇ ਮੇਰੇ ਬਾਰੇ ਏ.ਆਈ. ਰਾਹੀਂ ਤਿਆਰ ਕੀਤੇ ਵੀਡੀਓ ਪੋਸਟ ਕਰ ਰਿਹਾ ਹੈ। ਇਹ ਦਰਸਾਉਂਦਾ ਹੈ ਕਿ ਮੇਰੇ ਵਿਰੁੱਧ ਕਿਸੇ ਵੀ ਮੁੱਦੇ ਦੀ ਘਾਟ ਵਿੱਚ ਉਹ ਹੈਰਾਨ-ਪ੍ਰੇਸ਼ਾਨ ਹਨ ਅਤੇ ਨਿਰਾਸ਼ ਹੋ ਕੇ ਸੱਤਾ ਦੀ ਖਾਤਰ ਅੱਕੀ ਪਲਾਹੀ ਹੱਥ ਮਾਰ ਰਹੇ ਹਨ।"

# ਐਮਪੀ ਸਤਨਾਮ ਸੰਧੂ ਨੇ ਚੰਡੀਗੜ੍ਹ ਹਵਾਈ ਅੱਡੇ ਉੱਪਰ ਕੌਮਾਂਤਰੀ ਫ਼ਲਾਈਟਾਂ ਦੀ ਆਮਦ ਵਧਾਉਣ ਦੀ ਕੀਤੀ ਮੰਗ

**ਦਿੱਲੀ ਤੋਂ ਕੌਮਾਂਤਰੀ ਫ਼ਲਾਈਟ ਭਰਨ ਲਈ ਪੰਜਾਬੀ ਹੋ ਰਹੇ ਖੱਜਲ-ਖੁਆਰ**

**ਆਜ਼ਾਦ ਸੋਚ**
**ਜਗਵਿੰਦਰ ਸਿੰਘ**
**ਖਰੜ , 17 ਮਾਰਚ**

ਲੋਕ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਰਾਜ ਸਭਾ ਵਿੱਚ ਚੰਡੀਗੜ੍ਹ ਦੇ ਕੌਮਾਂਤਰੀ ਹਵਾਈ ਅੱਡੇ ਨੂੰ 'ਪੁਆਇੰਟ ਆਫ਼ ਕਾਲ' ਦਾ ਦਰਜਾ ਨਾ ਮਿਲਣ ਦਾ ਮੁੱਦਾ ਚੁੱਕਿਆ। ਸੰਸਦ ਦੇ ਬਜਟ ਸੈਸ਼ਨ ਦੌਰਾਨ ਬੋਲਦਿਆਂ ਐਮਪੀ ਸੰਧੂ ਨੇ ਕਿਹਾ ਕਿ 'ਪੁਆਇੰਟ ਆਫ਼ ਕਾਲ' ਨਾ ਹੋਣ ਕਰਕੇ ਪੰਜਾਬੀਆਂ ਦਾ ਦਿੱਲੀ ਤੋਂ ਕੌਮਾਂਤਰੀ ਉਡਾਣ ਫੜਨ ਲਈ 11-12 ਘੰਟਿਆਂ ਦਾ ਸਮਾਂ ਬਰਬਾਦ ਹੁੰਦਾ ਹੈ। ਮੌਜੂਦਾ ਸਮੇਂ ਵਿੱਚ ਚੰਡੀਗੜ੍ਹ ਹਵਾਈ ਅੱਡੇ ਤੋਂ ਸਿਰਫ਼ ਦੋ ਕੌਮਾਂਤਰੀ ਉਡਾਣਾਂ ਆਬੂ ਧਾਬੀ ਅਤੇ ਦੁਬਈ ਲਈ ਹੀ ਚੱਲਦੀਆਂ ਹਨ। ਉਹਨਾਂ ਕਿਹਾ, "ਚੰਡੀਗੜ੍ਹ ਹਵਾਈ ਅੱਡਾ ਮੌਜੂਦਾ ਸਮੇਂ ਵਿੱਚ ਆਪਣੀ ਸਮਰੱਥਾ ਦੇ ਸਿਰਫ਼ 60% 'ਤੇ ਹੀ ਕੰਮ ਕਰ ਰਿਹਾ ਹੈ ਉਨ੍ਹਾਂ ਕੇਂਦਰੀ ਮੰਤਰੀ ਨੂੰ ਸਵਾਲ ਕੀਤਾ, ÷ਇਹ ਪੰਜਾਬ ਦੇ ਲੋਕਾਂ ਲਈ ਬਹੁਤ ਸੁਵਿਧਾਜਨਕ ਹੋਵੇਗਾ। ਅਸੀਂ ਚੰਡੀਗੜ੍ਹ ਹਵਾਈ ਅੱਡੇ ਦੇ 'ਪੁਆਇੰਟ ਆਫ਼ ਕਾਲ' ਸੂਚੀ ਵਿੱਚ ਸ਼ਾਮਲ ਹੋਣ ਦੀ ਉਮੀਦ ਕਦੋਂ ਕਰ ਸਕਦੇ ਹਾਂ?÷

ਸਵਾਲ ਦੇ ਜਵਾਬ ਵਿੱਚ ਕੇਂਦਰੀ ਨਾਗਰਿਕ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮਮੋਹਨ ਨਾਇਡੂ ਨੇ ਕਿਹਾ ਕਿ ਸਰਕਾਰ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚਣ ਵਾਲੇ ਮੁਸਾਫ਼ਰਾਂ ਦੀ ਸਮੀਖਿਆ ਕਰੇਗੀ, ਤਾਂ ਜੋ ਇਸ ਹਵਾਈ ਅੱਡੇ ਨੂੰ 'ਪੁਆਇੰਟ ਆਫ਼ ਕਾਲ' ਦੇ ਰੂਪ ਵਿੱਚ ਨਾਮਜ਼ਦ ਕੀਤਾ ਜਾ ਸਕੇ। ਦੱਸ ਦਈਏ ਕਿ 'ਪੁਆਇੰਟ



ਆਫ਼ ਕਾਲ' ਦੇ ਤਹਿਤ ਦੋ ਮੁਲਕਾਂ ਵਿਚਾਲੇ ਸਮਝੌਤਾ ਹੁੰਦਾ ਹੈ, ਜਿਸ ਤੋਂ ਬਾਅਦ ਹੀ ਕੌਮਾਂਤਰੀ ਏਅਰ ਲਾਈਨ ਕੰਪਨੀਆਂ ਨੂੰ ਕਿਸੇ ਖ਼ਾਸ ਹਵਾਈ ਅੱਡੇ ਤੋਂ ਦੁਨੀਆ ਭਰ ਵਿੱਚ ਉਡਾਣ ਭਰਨ ਲਈ ਇਜਾਜ਼ਤ ਮਿਲਦੀ ਹੈ। ਭਾਰਤ ਵਿੱਚ ਕੌਮਾਂਤਰੀ ਉਡਾਣਾਂ ਲਈ ਹਵਾਈ ਅੱਡਿਆਂ ਨੂੰ 'ਪੁਆਇੰਟ ਆਫ਼ ਕਾਲ' ਦਾ ਦਰਜਾ ਇਸ ਲਈ ਨਹੀਂ ਦੇ ਰਹੀ, ਤਾਂ ਜੋ ਭਾਰਤੀ ਏਅਰਲਾਈਨ ਕੰਪਨੀਆਂ ਨੂੰ ਅੰਤਰਰਾਸ਼ਟਰੀ ਮੁਸਾਫ਼ਰਾਂ ਦੀ ਵੱਧ ਰਹੀ ਆਮਦ ਦਾ ਫ਼ਾਇਦਾ ਮਿਲ ਸਕੇ। ਇਸ ਦੇ ਨਾਲ-ਨਾਲ ਸਰਕਾਰ ਯਕੀਨੀ ਬਣਾ ਰਹੀ ਹੈ ਕਿ ਭਾਰਤ ਦੇ ਮਹਾਨਗਰਾਂ ਦੇ ਹਵਾਈ ਅੱਡੇ ਅੰਤਰਰਾਸ਼ਟਰੀ ਹਵਾਬਾਜ਼ੀ (ਏਵੀਏਸ਼ਨ) ਦੇ ਵੱਡੇ ਹੱਬ ਬਣ ਸਕਣ । ਉਹਨਾਂ ਕਿਹਾ, ÷ਵੱਖ-ਵੱਖ ਸੂਬਿਆਂ ਦੇ ਕਈ ਹਵਾਈ ਅੱਡਿਆਂ ਵੱਲੋਂ ਆਪਣੀ ਅੰਤਰਰਾਸ਼ਟਰੀ ਕਨੈਕਟੀਵਿਟੀ ਵਧਾਉਣ ਲਈ 'ਪੁਆਇੰਟ ਆਫ਼ ਕਾਲ' ਦਰਜੇ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ, ÷ਅਸੀਂ ਇਹ ਵੀ ਚਾਹੁੰਦੇ ਹਾਂ ਕਿ ਦਿੱਲੀ, ਮੁੰਬਈ ਅਤੇ ਬੈਂਗਲੁਰੂ ਵਰਗੇ ਮਹਾਨਗਰਾਂ ਦੇ ਹਵਾਈ ਅੱਡੇ ਅੰਤਰਰਾਸ਼ਟਰੀ ਹਵਾਬਾਜ਼ੀ ਕੇਂਦਰਾਂ ਵਜੋਂ ਵਿਕਸਿਤ ਹੋਣ, ਪਰ ਜਦੋਂ ਅਸੀਂ ਜ਼ਿਆਦਾ 'ਪੁਆਇੰਟ ਆਫ਼ ਕਾਲ' ਦਿੰਦੇ ਹਾਂ, ਤਾਂ ਵਿਦੇਸ਼ੀ ਏਅਰਲਾਈਨਾਂ ਆਉਂਦੀਆਂ ਹਨ ਅਤੇ ਸਾਰੇ ਅੰਤਰਰਾਸ਼ਟਰੀ ਯਾਤਰੀਆਂ ਨੂੰ ਲੈ ਜਾਂਦੀਆਂ ਹਨ। ਅਸੀਂ ਆਪਣੇ ਸ਼ਹਿਰਾਂ ਨੂੰ ਅੰਤਰਰਾਸ਼ਟਰੀ ਹਵਾਬਾਜ਼ੀ ਕੇਂਦਰ ਕਿਉਂ ਨਹੀਂ ਬਣਾ ਸਕਦੇ? ਦਿੱਲੀ, ਮੁੰਬਈ, ਬੈਂਗਲੁਰੂ, ਹੈਦਰਾਬਾਦ ਜਾਂ ਕੋਲਕਾਤਾ ਅੰਤਰਰਾਸ਼ਟਰੀ ਹੱਬ ਕਿਉਂ ਨਹੀਂ ਬਣ ਸਕਦੇ ?

# ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਗਿਰਾਵਟ ਬਾਰੇ ਕੇਂਦਰ ਸਰਕਾਰ ਦੀ ਪੁਸ਼ਟੀ ਪੰਜਾਬ ਦੇ ਕਿਸਾਨਾਂ ਦੀ ਵੱਡੀ ਜਿੱਤ, ਲੰਬਿਤ ਆਰਡੀਐਫ ਜਾਰੀ ਕਰਕੇ ਸੂਬੇ ਨੂੰ ਸਨਮਾਨ ਦਿਓ: ਖੁੱਡੀਆਂ

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 17 ਮਾਰਚ**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਪਰਾਲੀ ਸਾੜਨ ਦੇ ਮਾਮਲਿਆਂ ਨੂੰ ਰੋਕਣ ਵਿੱਚ ਪੰਜਾਬ ਦੀ ਸਫਲਤਾ ਨੂੰ ਸਿਰਫ਼ ਸਵੀਕਾਰ ਕਰਨਾ ਹੀ ਕਾਫ਼ੀ ਨਹੀਂ ਹੈ ਸਗੋਂ ਕੇਂਦਰ ਨੂੰ ਹੁਣ ਸੂਬੇ ਦੇ ਲੰਬਿਤ ਵਿੱਤੀ ਬਕਾਏ ਜਾਰੀ ਕਰਕੇ ਸੂਬੇ ਨਾਲ ਇਨਸਾਫ਼ ਕਰਨਾ ਚਾਹੀਦਾ ਹੈ।

ਕੇਂਦਰੀ ਵਾਤਾਵਰਣ ਰਾਜ ਮੰਤਰੀ ਸ੍ਰੀ ਕੀਰਤੀ ਵਰਧਨ ਸਿੰਘ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਜਿਸ ਵਿੱਚ ਸਾਲ 2022 ਤੋਂ ਪੰਜਾਬ ਅਤੇ ਹਰਿਆਣਾ ਵਿੱਚ ਫਸਲੀ ਰਹਿੰਦ-ਖੂਹੰਦ ਸਾੜਨ ਦੀਆਂ ਘਟਨਾਵਾਂ ਵਿੱਚ 90 ਫੀਸਦ ਤੋਂ ਵੱਧ ਦੀ ਸਮੂਹਿਕ ਕਮੀ ਦੀ ਪੁਸ਼ਟੀ ਕੀਤੀ ਗਈ ਹੈ, ਬਾਰੇ ਬੋਲਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਆਖਰਕਾਰ ਸੱਚਾਈ ਨੂੰ ਸਵੀਕਾਰ ਕਰ ਲਿਆ ਹੈ ਪਰ ਉਹਨਾਂ ਵੱਲੋਂ ਪੇਂਡੂ ਵਿਕਾਸ ਫੰਡ (ਆਰਡੀਐਫ) ਦੇ 8800 ਕਰੋੜ ਰੁਪਏ ਦੇ ਬਕਾਏ ਨੂੰ ਰੋਕਣਾ ਗੈਰ-ਵਾਜ਼ਬ ਹੈ।

ਉਨ੍ਹਾਂ ਟਿੱਪਣੀ ਕੀਤੀ ਕਿ ਇਹ ਹਾਸੋਹੀਣਾ ਹੈ ਕਿ ਪੰਜਾਬ ਦੇ ਕਿਸਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਕੰਟਰੋਲ ਕਰਨ ਵਿੱਚ ਆਪਣਾ ਖੂਨ-ਪਸੀਨਾ ਵਹਾ ਰਹੇ ਹਨ ਅਤੇ ਦੇਸ਼ ਦਾ ÷ਅੰਨਦਾਤਾ÷ ਹੋਣ ਦੇ ਨਾਤੇ ਵਜੋਂ ਦੇਸ਼ ਦਾ ਢਿੱਡ ਵੀ ਭਰ ਰਹੇ ਹਨ, ਪਰ ਕੇਂਦਰ ਸਰਕਾਰ ਵੱਲੋਂ ਸੂਬੇ ਨੂੰ ਇਸਦੇ ਜਾਇਜ਼ ਬਕਾਏ ਦਾ ਭੁਗਤਾਨ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਕੇਂਦਰ ਸਰਕਾਰ ਦੀ ਇਸ ਪੁਸ਼ਟੀ ਬਾਰੇ ਬੋਲਦਿਆਂ ਖੇਤੀਬਾੜੀ ਮੰਤਰੀ ਖੁੱਡੀਆਂ ਨੇ ਕਿਹਾ ਕਿ ਅੰਕੜਿਆਂ ਨੇ ਉਨ੍ਹਾਂ ਆਲੋਚਕਾਂ ਨੂੰ ਪੂਰੀ ਤਰ੍ਹਾਂ ਚੁੱਪ ਕਰਵਾ ਦਿੱਤਾ ਹੈ ਜੋ ਲਗਾਤਾਰ ਪੰਜਾਬ ਦੇ ਕਿਸਾਨਾਂ ਨੂੰ ਨਿਸ਼ਾਨਾ ਬਣਾਉਂਦੇ ਸਨ ਅਤੇ ਉੱਤਰੀ ਭਾਰਤ ਦੇ ਹਵਾ ਪ੍ਰਦੂਸ਼ਣ ਦੇ ਸੰਕਟ ਲਈ ਰਾਜ ਨੂੰ ਜ਼ਿੰਮੇਵਾਰ ਠਹਿਰਾਉਂਦੇ ਸਨ। ਜਿਨ੍ਹਾਂ ਲੋਕਾਂ ਨੇ ਪੰਜਾਬ ਵਿਰੁੱਧ ਬਦਨਾਮੀ ਮੁਹਿੰਮ ਚਲਾਈ ਅਤੇ ਦਾਅਵਾ ਕੀਤਾ ਕਿ ਪਰਾਲੀ ਸਾੜਨਾ ਕਦੇ ਖਤਮ ਨਹੀਂ ਹੋਵੇਗਾ, ਉਨ੍ਹਾਂ ਨੂੰ ਹੁਣ ਆਪਣੇ ਸ਼ਬਦ ਵਾਪਸ ਲੈ ਲੈਣੇ ਚਾਹੀਦੇ ਹਨ।



**• '2025-26 ਵਿੱਚ ਖੇਤੀ ਮਸ਼ੀਨੀਕਰਨ ਲਈ 416 ਕਰੋੜ ਰੁਪਏ ਦੀ ਵਰਤੋਂ ਕੀਤੀ ਗਈ, ਵਿੱਤੀ ਸਾਲ 2026-27 ਲਈ 600 ਕਰੋੜ ਰੁਪਏ ਅਲਾਟ ਕੀਤੇ ਗਏ: ਗੁਰਮੀਤ ਸਿੰਘ ਖੁੱਡੀਆਂ • '8800 ਕਰੋੜ ਰੁਪਏ ਦੇ ਬਕਾਇਆ ਆਰਡੀਐਫ ਨੂੰ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ: ਖੁੱਡੀਆਂ**

ਖੇਤੀਬਾੜੀ ਮੰਤਰੀ ਨੇ ਕਿਹਾ, ÷ਸਾਲਾਂ ਤੋਂ, ਸਾਡੇ ਕਿਸਾਨਾਂ ਨੂੰ ਬਦਨਾਮ ਕੀਤਾ ਜਾਂਦਾ ਸੀ ਅਤੇ ਦਿੱਲੀ ਦੀ ਵਿਗੜਦੀ ਹਵਾ ਦੀ ਗੁਣਵੱਤਾ ਲਈ ਇਕੱਲੇ ਪੰਜਾਬ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਸੀ। ਹੁਣ, ਕੇਂਦਰ ਸਰਕਾਰ ਦੇ ਆਪਣੇ ਸੈਟੇਲਾਈਟ ਡੇਟਾ, ਜੋ ਕਿ ਸੰਸਦ ਵਿੱਚ ਰਸਮੀ ਤੌਰ 'ਤੇ ਪੇਸ਼ ਕੀਤਾ ਗਿਆ ਹੈ, ਨੇ ਸਾਰੇ ਝੂਠੇ ਬਿਆਨਾਂ ਨੂੰ ਨਾਕਾਰ ਦਿੱਤਾ ਹੈ। 90 ਫੀਸਦ ਤੋਂ ਵੱਧ ਦੀ ਕਮੀ ਬਾਰੇ ਕੇਂਦਰ ਵੱਲੋਂ ਪੁਸ਼ਟੀ ਕੀਤੀ ਗਈ ਹੈ, ਜੋ ਵਿਗਿਆਨਕ ਸਬੂਤਾਂ 'ਤੇ ਅਧਾਰਤ ਹੈ।÷

ਖੇਤੀਬਾੜੀ ਮੰਤਰੀ ਸ. ਖੁੱਡੀਆਂ ਨੇ ਖੇਤੀ ਮਸ਼ੀਨੀਕਰਨ ਲਈ ਸੂਬਾ ਸਰਕਾਰ ਦੇ ਸਰਗਰਮ ਯਤਨਾਂ ਨੂੰ ਉਜਾਗਰ ਕੀਤਾ। ਉਨ੍ਹਾਂ ਦੱਸਿਆ ਕਿ ਵਿੱਤੀ ਸਾਲ 2025-26 ਦੌਰਾਨ ਸੂਬੇ ਭਰ ਦੇ ਕਿਸਾਨਾਂ ਨੂੰ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀਆਰਐਮ) ਮਸ਼ੀਨਰੀ ਦੀ ਖਰੀਦ 'ਤੇ 416 ਕਰੋੜ ਰੁਪਏ ਦੀ ਸਬਸਿਡੀ ਪ੍ਰਦਾਨ ਕੀਤੀ ਗਈ ਸੀ।

ਆਉਣ ਵਾਲੇ ਵਿੱਤੀ ਸਾਲ 2026-27 ਲਈ 600 ਕਰੋੜ ਰੁਪਏ ਦੇ ਬਜਟ ਪ੍ਰਬੰਧ ਦੇ ਨਾਲ, ਸ. ਗੁਰਮੀਤ ਸਿੰਘ ਖੁੱਡੀਆਂ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਫਸਲੀ ਰਹਿੰਦ-ਖੂੰਹਦ ਸਾੜਨ ਦਾ ਇੱਕ ਟਿਕਾਊ, ਲੰਬੇ ਸਮੇਂ ਦਾ ਹੱਲ ਪੇਸ਼ ਕੀਤਾ ਜਾਵੇਗਾ।

# ਪੰਜਾਬ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਇਤਿਹਾਸਕ ਮਿਸ਼ਨ ਦੀ ਸ਼ੁਰੂਆਤ, ਵਿਸਵ ਬੈਂਕ ਨਾਲ 3,500 ਕਰੋੜ ਰੁਪਏ ਦਾ ਸਮਝੌਤਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਚੰਡੀਗੜ੍ਹ, 17 ਮਾਰਚ (ਪ.ਪ.):ਪੰਜਾਬ ਦੇ ਸਿੱਖਿਆ ਖੇਤਰ ਵਿੱਚ ਮੀਲ ਪੱਥਰ ਕਾਇਮ ਕਰਦਿਆਂ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ-2.0 ਦੀ ਸੁਰੂਆਤ ਕੀਤੀ ਗਈ ਹੈ ਜਿਸ ਤਹਿਤ ਅਗਲੇ ਛੇ ਸਾਲਾਂ ਵਿੱਚ 3,500 ਕਰੋੜ ਰੁਪਏ ਦੇ ਨਿਵੇਸ ਨਾਲ ਸਕੂਲ ਸਿੱਖਿਆ ਵਿੱਚ ਕ੍ਰਾਂਤੀਕਾਰੀ ਸੁਧਾਰ ਕੀਤੇ ਜਾਣਗੇ। ਇਸ ਪਹਿਲਕਦਮੀ ਦਾ ਉਦੇਸ ਸਰਕਾਰੀ ਸਕੂਲਾਂ ਵਿੱਚ ਢਾਂਚਾਗਤ ਸੁਧਾਰਾਂ ਨੂੰ ਤੇਜ ਕਰਨਾ ਅਤੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਵਿਸਵ ਪੱਧਰ ਦੇ ਮਿਆਰਾਂ ਦਾ ਹਾਣੀ ਬਣਾਉਣਾ ਹੈ।

ਇਸ ਮਿਸ਼ਨ ਦੇ ਹਿੱਸੇ ਵਜੋਂ ਪੰਜਾਬ ਸਰਕਾਰ ਵੱਲੋਂ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਵਿਸਵ ਬੈਂਕ ਨਾਲ ਭਾਈਵਾਲੀ ਵੀ ਕੀਤੀ ਗਈ ਹੈ। ਇਹ ਭਾਈਵਾਲੀ ਪੰਜਾਬ ਵੱਲੋਂ ਪਹਿਲਾਂ ਹੀ ਜਨਤਕ ਸਿੱਖਿਆ ਵਿੱਚ ਕੀਤੇ ਅਹਿਮ ਸੁਧਾਰਾਂ ਦੀ ਅੰਤਰਰਾਸਟਰੀ ਪੱਧਰ 'ਤੇ ਮਾਨਤਾ ਨੂੰ ਦਰਸਾਉਂਦੀ ਹੈ।

ਇਸ ਪ੍ਰੋਗਰਾਮ ਲਈ ਖਰਚੇ ਜਾਣ ਵਾਲੇ 3,500 ਕਰੋੜ ਰੁਪਏ ਵਿੱਚ ਵਿਸਵ ਬੈਂਕ ਵੱਲੋਂ 2,500 ਕਰੋੜ ਰੁਪਏ ਦੀ ਕਰਜਾ ਸਹਾਇਤਾ ਅਤੇ ਪੰਜਾਬ ਸਰਕਾਰ ਵੱਲੋਂ 1,000 ਕਰੋੜ ਰੁਪਏ ਦਾ ਯੋਗਦਾਨ ਸਾਮਲ ਹੈ, ਜੋ ਇਸ ਨੂੰ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਸਿੱਖਿਆ ਸੁਧਾਰ ਨਿਵੇਸਾਂ ਵਿੱਚੋਂ ਇੱਕ ਬਣਾਉਂਦਾ ਹੈ।

ਪੰਜਾਬ ਸਿੱਖਿਆ ਕ੍ਰਾਂਤੀ 2.0 ਦੀ ਸੁਰੂਆਤ ਪੰਜਾਬ ਸਿੱਖਿਆ ਕ੍ਰਾਂਤੀ ਦੇ ਪਹਿਲੇ ਪੜਾਅ ਅਧੀਨ ਪ੍ਰਾਪਤ ਕੀਤੀ ਗਈ ਸਾਨਦਾਰ ਪ੍ਰਗਤੀ ਨੂੰ ਵੇਖਦਿਆਂ ਕੀਤੀ ਗਈ ਹੈ। ਪੰਜਾਬ ਸਿੱਖਿਆ ਕ੍ਰਾਂਤੀ ਦੇ ਪਹਿਲੇ ਪੜਾਅ ਅਧੀਨ ਸੂਬੇ ਭਰ ਦੇ ਸਰਕਾਰੀ ਸਕੂਲਾਂ ਤਸਵੀਰ ਬਦਲ ਦਿੱਤੀ ਗਈ ਹੈ ਅਤੇ ਪੰਜਾਬ ਨੂੰ ਰਾਸਟਰੀ ਸਿੱਖਿਆ ਦਰਜਾਬੰਦੀ ਵਿੱਚ ਸਿਖਰ 'ਤੇ ਪਹੁੰਚਾਇਆ ਹੈ।

ਭਾਰਤ ਸਰਕਾਰ ਵੱਲੋਂ ਕਰਵਾਏ ਗਏ ਨੈਸ਼ਨਲ ਅਚੀਵਮੈਂਟ ਸਰਵੇ-2024 ਵਿੱਚ, ਪੰਜਾਬ ਨੇ ਕੇਰਲਮ ਨੂੰ ਪਛਾੜਦਿਆਂ ਕਲਾਸਰੂਮ ਲਰਨਿੰਗ ਦੇ ਨਤੀਜਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਦੇਸ ਭਰ ਵਿੱਚ ਮੋਹਰੀ ਬਣ ਕੇ ਉੱਭਰਿਆ। ਇਹ ਪ੍ਰਾਪਤੀ ਪੰਜਾਬ ਸਿੱਖਿਆ ਕ੍ਰਾਂਤੀ ਰਾਹੀਂ ਕੀਤੇ ਗਏ ਢਾਂਚਾਗਤ ਸੁਧਾਰਾਂ ਨੂੰ ਦਰਸਾਉਂਦੀ ਹੈ, ਜਿਸ ਨੇ ਕਲਾਸਰੂਮ ਲਰਨਿੰਗ ਨੂੰ ਮਜਬੂਤ ਕੀਤਾ, ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਅਤੇ ਲਗਭਗ 20,000 ਸਰਕਾਰੀ ਸਕੂਲਾਂ ਵਿੱਚ ਸਕੂਲ ਪ੍ਰਸਾਸਨ ਨੂੰ ਬਿਹਤਰ ਬਣਾਇਆ।

ਪਿਛਲੇ ਦੋ ਸਾਲਾਂ ਦੌਰਾਨ ਸੂਬੇ ਵੱਲੋਂ ਕਰੀਅਰ ਲਈ ਸੇਧ ਦੇਣ ਸਬੰਧੀ ਪ੍ਰਣਾਲੀਆਂ ਨੂੰ ਵੀ ਮਜਬੂਤ ਕੀਤਾ ਗਿਆ ਹੈ, ਸਾਇੰਸ ਅਤੇ ਕਾਮਰਸ ਸਟ੍ਰੀਮ ਤੱਕ ਪਹੁੰਚ ਦਾ ਵਿਸਤਾਰ ਕੀਤਾ ਹੈ, ਅਧਿਆਪਕ ਸਿਖਲਾਈ ਈਕੋਸਿਸਟਮ ਨੂੰ ਮਜਬੂਤ ਕੀਤਾ ਹੈ ਅਤੇ ਹਜਾਰਾਂ ਸੰਸਥਾਵਾਂ ਵਿੱਚ ਸਕੂਲ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਇਆ ਹੈ ਤਾਂ ਜੋ ਸੁਧਾਰ ਬਿਆਨਬਾਜੀ ਤੋਂ ਅੱਗੇ ਜਾ ਕੇ ਮਾਪਣਯੋਗ ਨਤੀਜਿਆਂ ਤੱਕ ਪਹੁੰਚਾਏ ਜਾ ਸਕਣ। ਇਹਨਾਂ ਪ੍ਰਣਾਲੀਗਤ ਸੁਧਾਰਾਂ ਨੇ ਮਜਬੂਤ ਅਤੇ ਭਰੋਸੇਯੋਗਤਾ ਦੀ ਨੀਂਹ ਰੱਖੀ ਹੈ। ਪੰਜਾਬ ਸਿੱਖਿਆ ਕ੍ਰਾਂਤੀ-2.0 ਹੁਣ ਇਹਨਾਂ ਪ੍ਰਾਪਤੀਆਂ ਨੂੰ ਸੰਸਥਾਗਤ ਬਣਾਏਗੀ ਅਤੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਦੁਨੀਆ ਦੀਆਂ ਸਭ ਤੋਂ ਬਿਹਤਰ ਸਿੱਖਿਆ ਪ੍ਰਣਾਲੀਆਂ ਦੀ ਕਤਾਰ ਵਿੱਚ ਲਿਆ ਦੇਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਿੱਖੀਆ ਕ੍ਰਾਂਤੀ ਦੀ ਸਫਲਤਾ ਨੇ ਸੂਬੇ ਦੀ ਸਿੱਖਿਆ ਨੂੰ ਪਹਿਲਾਂ ਹੀ ਨਵਾਂ ਰੂਪ ਦੇ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ, "ਪੰਜਾਬ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰੀ ਸਕੂਲ ਦੇਸ ਦੀ ਅਗਵਾਈ ਕਰ ਸਕਦੇ ਹਨ।

# ਪੰਥਕ ਤੇ ਪੰਜਾਬ ਦੀ ਬਿਹਤਰੀ ਲੋੜਨ ਵਾਲੇ ਸੰਗਠਨ ਤੇ ਆਗੂ 28 ਮਾਰਚ ਨੂੰ ਵਾਹਗਾ ਸਰਹੱਦ ਨੂੰ ਖੁਲਵਾਉਣ ਲਈ ਰੈਲੀ 'ਚ ਪਹੁੰਚਣ : ਸਿਮਰਨਜੀਤ ਸਿੰਘ ਮਾਨ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 17 ਮਾਰਚ**

ਇਜਰਾਇਲ-ਅਮਰੀਕਾ ਅਤੇ ਇਰਾਨ ਦੀ ਜੰਗ ਦੀ ਬਦੌਲਤ ਕੌਮਾਂਤਰੀ ਪੱਧਰ 'ਤੇ ਪ੍ਰਸ਼ਥਿਤੀਆਂ ਬਹੁਤ ਬਦਲ ਗਈਆ ਹਨ, ਕਿਉਂਕਿ ਵਪਾਰਕ, ਕਿਸਾਨੀ ਅਤੇ ਹੋਰ ਖਾਦ ਪਦਾਰਥਾਂ ਦੀਆਂ ਵਸਤਾਂ ਦੇ ਅਦਾਨ-ਪ੍ਰਦਾਨ ਵਿਚ ਵੱਡੀਆ ਮੁਸਕਿਲਾਂ ਖੜ੍ਹੀਆ ਹੋ ਗਈਆ ਹਨ । ਪਹਿਲੇ ਇਹ ਸਭ ਵਪਾਰ ਝਬਾਰ ਬੰਦਰਗਾਹ ਰਾਹੀ ਖੁੱਲ੍ਹੇ ਤੌਰ 'ਤੇ ਚੱਲਦਾ ਸੀ, ਜਿਸ ਨਾਲ ਸਾਡੇ ਉਤਪਾਦ ਬਾਹਰਲੇ ਮੁਲਕਾਂ 'ਚ ਇਸ ਬੰਦਰਗਾਹ ਰਾਹੀ ਜਾਂਦੇ ਸਨ ਅਤੇ ਸਾਨੂੰ ਤੇਲ, ਡੀਜਲ, ਪੈਟ ?ਰੋਲੀਅਮ ਨਾਲ ਸੰਬੰਧਤ ਵਸਤਾਂ ਇਸ ਬੰਦਰਗਾਹ ਰਾਹੀ ਸੌਖੇ ਮਿਲ ਜਾਂਦੇ ਸਨ, ਲੇਕਿਨ ਕੌਮਾਂਤਰੀ ਜੰਗ ਦੇ ਵੱਧਣ ਕਾਰਨ ਹੁਣ ਇੰਡੀਆ ਦੇ ਨਿਵਾਸੀਆ ਨੂੰ ਉਪਰੋਕਤ ਪੈਟ ?ਰੋਲੀਅਮ, ਡੀਜਲ ਨਾਲ ਸੰਬੰਧਤ ਵਸਤਾਂ ਪ੍ਰਾਪਤ ਕਰਨ ਅਤੇ ਆਪਣੀਆ ਵਸਤਾਂ ਬਾਹਰ ਭੇਜਣ ਵਿਚ ਬਹੁਤ ਮੁਸ਼ਕਿਲ ਉਤਪੰਨ ਹੋ ਚੁੱਕੀ ਹੈ । ਇਸ ਲਈ ਪੰਜਾਬੀਆਂ ਦੀ ਆਰਥਿਕਤਾ ਨੂੰ ਕਾਇਮ ਰੱਖਣ ਹਿੱਤ ਅਤੇ ਆਪਣੇ ਵਪਾਰ ਨੂੰ ਪ੍ਰਫੁੱਲਿਤ ਕਰਨ ਹਿੱਤ ਇਹ ਅਤਿ ਜਰੂਰੀ ਬਣ ਗਿਆ ਹੈ ਕਿ ਆਪਣਾ ਵਾਹਗਾ ਦੀ ਸਰਹੱਦ ਜੋ ਕੌਮਾਂਤਰੀ ਵਪਾਰ ਲਈ ਬਹੁਤ ਲਾਹੇਵੰਦ ਹੈ, ਉਸ ਨੂੰ ਤੁਰੰਤ ਇੰਡੀਅਨ ਹੁਕਮਰਾਨਾਂ 'ਤੇ ਦਬਾਅ ਪਾ ਕੇ ਅਤੇ ਦਲੀਲ ਸਹਿਤ ਗੱਲਬਾਤ ਕਰਕੇ ਖੁਲਵਾਇਆ ਜਾਵੇ । ਇੰਡੀਆ ਤੇ ਪੰਜਾਬ ਨਿਵਾਸੀਆ ਨੂੰ ਆਪਣੀਆਂ ਵਸਤਾਂ ਦਾ ਅਦਾਨ-ਪ੍ਰਦਾਨ ਕਰਨ 'ਚ ਕੋਈ ਮੁਸ਼ਕਿਲ ਪੇਸ਼ ਨਾ ਆਵੇ । ਇਸੇ ਮਕਸਦ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ 28 ਮਾਰਚ ਨੂੰ ਵਾਹਗਾ ਸਰਹੱਦ 'ਤੇ ਸਮੂਹਿਕ ਤੌਰ 'ਤੇ ਪੰਜਾਬੀਆਂ ਦੇ ਸਹਿਯੋਗ ਨਾਲ ਵੱਡੀ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿਚ ਸਭ ਕਿਸਾਨ ਜਥੇਬੰਦੀਆਂ, ਇਨਸਾਫ਼ ਮੋਰਚਾ ਕਮੇਟੀ, ਦਲ ਖਾਲਸਾ, ਸਿੱਖ ਸਟੂਡੈਂਟ ਫੈਡਰੇਸ਼ਨਾਂ, ਵੱਖ-ਵੱਖ ਵਿਚਰ ਰਹੇ ਪੰਜਾਬ 'ਚ ਸਿਆਸੀ, ਧਾਰਮਿਕ ਸੰਗਠਨਾਂ, ਮਜ਼ਦੂਰ ਯੂਨੀਅਨਾਂ, ਵਿਦਿਆਰਥੀ ਯੂਨੀਅਨਾਂ, ਟਰੇਡ ਯੂਨੀਅਨ ਆਦਿ ਸਭ ਨੂੰ ਇਸ ਰੈਲੀ 'ਚ ਪਹੁੰਚਣ ਲਈ ਸਤਿਕਾਰ ਸਹਿਤ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ । ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 28 ਮਾਰਚ ਨੂੰ ਵਾਹਗਾ ਸਰਹੱਦ ਉੱਤੇ ਹੋਣ ਵਾਲੀ ਉਹ ਰੈਲੀ ਜਿਸ ਵਿਚ ਆਪਣੀਆਂ ਸਰਹੱਦਾਂ ਨੂੰ ਵਪਾਰ ਲਈ ਕੌਮਾਂਤਰੀ ਪੱਧਰ 'ਤੇ ਖੋਲਣ ਦੇ ਮਕਸਦ ਨੂੰ ਮੁੱਖ ਰੱਖ ਕੇ ਰੱਖੀ ਗਈ ਹੈ,ਇਸ ਵਿਚ ਪੰਜਾਬ ਨਾਲ ਸੰਬੰਧਤ ਸਮੂਹ ਧਿਰਾਂ ਨੂੰ ਹੁੰਮ-ਹੁੰਮਾ ਕੇ ਸ਼ਮੂਲੀਅਤ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਸਾਡੀਆਂ ਜਿੰਮੀਦਾਰ ਦੀਆਂ ਪੈਦਾਵਾਰ ਹੋਣ ਵਾਲੀਆ ਸਬਜੀਆਂ, ਜਿਨਸਾਂ, ਛੋਟੇ ਵਪਾਰੀਆਂ ਦੀਆਂ ਉਤਪਾਦ ਵਸਤਾਂ ਨੂੰ ਸਹੀ ਕੀਮਤਾਂ 'ਤੇ ਇਰਾਕ, ਇਰਾਨ, ਸੀਰੀਆ, ਮੱਧ ਏਸ਼ੀਆ, ਗਲਫ ਮੁਲਕਾਂ ਵਿਚ ਵੇਚਣ ਲਈ ਅਤੇ ਦੂਸਰਾ ਇਨ੍ਹਾਂ ਮੁਲਕਾਂ ਰਾਹੀ ਸਮੁੰਦਰੀ ਆਵਜਾਈ ਰਾਹੀ ਗੈਸ, ਪੈਟ ?ਰੋਲੀਅਮ ਪ੍ਰਾਪਤ ਹੋਣ 'ਚ ਸੰਕਟ ਖੜ੍ਹਾ ਹੋ ਗਿਆ ਹੈ, ਉਸ ਨੂੰ ਹੱਲ ਕਰਨ ਲਈ ਜਰੂਰੀ ਹੈ ਕਿ ਇਨ੍ਹਾਂ ਸਰਹੱਦਾਂ ਨੂੰ ਹੁਣ ਤੁਰੰਤ ਖੋਲ੍ਹਿਆ ਜਾਵੇ । ਇਸ ਦੇ ਨਾਲ ਹੀ ਇੰਡੀਆ ਸਰਕਾਰ ਨੂੰ ਇਹ ਸਰਹੱਦ ਨੂੰ ਖੋਲਣ ਦੇ ਨਾਲ-ਨਾਲ ਗੈਸ ਪਾਈਪ ਲਾਇਨ ਰਾਹੀ ਪੈਟ ?ਰੋਲੀਅਮ ਵਸਤਾਂ ਦੀ ਸਪਲਾਈ ਜਾਰੀ ਰੱਖਦੇ ਹੋਏ ਪੰਜਾਬ ਵਿਚ ਇਕ ਵੱਡੀ ਆਇਲ ਰੀਫੈਨਰੀ ਫੈਕਟਰੀ ਦੇਣੀ ਚਾਹੀਦੀ ਹੈ, ਜਿਸ ਨਾਲ ਪੰਜਾਬ ਦੀ ਲੱਖਾਂ ਦੀ ਗਿਣਤੀ 'ਚ ਬੇਰੁਜਗਾਰੀ ਦਾ ਮਸਲਾ ਹੱਲ ਹੋ ਜਾਵੇਗਾ ਅਤੇ ਜੋ ਗੈਂਗਸਟਰ ਤੇ ਸਮੱਗਲਰ ਨਸੀਲੀਆਂ ਵਸਤਾਂ ਦਾ ਧੰਦਾ ਕਰ ਰਹੇ ਹਨ, ਜਿਨ੍ਹਾਂ ਕੋਲ ਆਮਦਨ ਦੇ ਸਾਧਨ ਨਹੀਂ ਹਨ, ਉਨ੍ਹਾਂ ਨੂੰ ਟਰੱਕਾਂ ਅਤੇ ਹੋਰ ਸਾਧਨਾਂ ਰਾਹੀ ਇਹ ਵਸਤਾਂ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਵਿਚ ਕਾਰੋਬਾਰ ਮਿਲਣ ਦੇ ਨਾਲ ਰੁਜ਼ਗਾਰ ਵਿਚ ਵਾਧਾ ਹੋਵੇਗਾ ਅਤੇ ਗੈਂਗਸਟਰ ਆਪਣੇ ਗੈਰ ਕਾਨੂੰਨੀ ਧੰਦੇ ਛੱਡਣ ਲਈ ਮਾਹੌਲ ਪੈਦਾ ਹੋ ਜਾਵੇਗਾ । ਇਸ ਲਈ ਅਸੀ ਸਮੁੱਚੀਆਂ ਪੰਜਾਬ ਨਾਲ ਸੰਬੰਧਤ ਧਿਰਾਂ ਭਾਵੇਂ ਉਹ ਧਾਰਮਿਕ ਹੋਣ ਜਾ ਰਾਜਨੀਤਿਕ ਜੋ ਪੰਜਾਬ ਸੂਬੇ ਦੀ ਬਿਹਤਰੀ ਦੇ ਮਿਸ਼ਨ ਨੂੰ ਮੁੱਖ ਰੱਖ ਕੇ ਸਰਗਰਮ ਹਨ ਅਤੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣਾ ਚਾਹੁੰਦੀਆ ਹਨ, ਉਨ੍ਹਾਂ ਨੂੰ ਇਸ ਰੈਲੀ ਵਿੱਚ ਪਹੁੰਚਣ ਲਈ ਖੁੱਲ੍ਹਾ ਹਾਰਦਿਕ ਸੱਦਾ ਦਿੰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਉਹ 28 ਮਾਰਚ ਨੂੰ ਵਾਹਗਾ ਸਰਹੱਦ 'ਤੇ ਹੋਣ ਵਾਲੀ ਪੰਜਾਬੀਆ ਦੀ ਰੈਲੀ 'ਚ ਵੱਡੇ ਪੱਧਰ ਤੇ ਸ਼ਮੂਲੀਅਤ ਕਰਨਗੇ।



# ਬਿਹਾਰ ਸਰਕਾਰ ਵੱਲੋਂ ਤਖ਼ਤ ਪਟਨਾ ਸਾਹਿਬ ਵਿੱਖੇ ਸ਼ਰਧਾਲੂਆਂ ਲਈ ਮਲਟੀ ਲੈਵਲ ਪਾਰਕਿੰਗ ਦੇ ਨਿਰਮਾਣ ਦੀ ਸ਼ੁਰੂਆਤ

**• ਕੰਗਨਘਾਟ ਗੁਰਦੁਆਰੇ ਦੇ ਸਾਹਮਣੇ 2 ਏਕੜ ਜ਼ਮੀਨ 'ਤੇ ਬਣੇਗੀ 6 ਮੰਜ਼ਿਲਾ ਮਲਟੀ ਲੈਵਲ ਪਾਰਕਿੰਗ**
**• ਤਖਤ ਸਾਹਿਬ ਦੇ ਜਥੇਦਾਰ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਅਰਦਾਸ ਤੋਂ ਬਾਅਦ ਨਿਰਮਾਣ ਕਾਰਜ ਆਰੰਭ**

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 17 ਮਾਰਚ**

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸਰਕਾਰ ਵੱਲੋਂ ਤਖ਼ਤ ਪਟਨਾ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦੀ ਖੁੱਲ੍ਹੇ ਦਿਲ ਨਾਲ ਸੇਵਾ ਕੀਤੀ ਜਾਂਦੀ ਹੈ ਅਤੇ ਹਮੇਸ਼ਾਂ ਇਹ ਕੋਸ਼ਿਸ਼ ਰਹੀ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਵੇ। ਸ਼ਰਧਾਲੂਆਂ ਦੀ ਗਿਣਤੀ ਵਿੱਚ ਲਗਾਤਾਰ ਵਾਧੇ ਨੂੰ ਦੇਖਦੇ ਹੋਏ ਕੰਗਨਘਾਟ ਗੁਰਦੁਆਰਾ ਦੇ ਸਾਹਮਣੇ 2 ਏਕੜ ਜ਼ਮੀਨ 'ਤੇ 100 ਕਰੋੜ ਰੁਪਏ ਦੀ ਲਾਗਤ ਨਾਲ ਮਲਟੀ ਲੈਵਲ ਕਾਰ ਪਾਰਕਿੰਗ ਬਣਾਉਣ ਲਈ ਹਾਲ ਹੀ ਵਿੱਚ ਸਰਕਾਰ ਵੱਲੋਂ ਬਜਟ 'ਚ ਮਨਜ਼ੂਰੀ ਦਿੱਤੀ ਗਈ ਸੀ, ਜਿਸ ਦੇ ਨਿਰਮਾਣ ਦੀ ਅੱਜ ਆਰੰਭਤਾ ਕੀਤੀ ਗਈ ਹੈ।ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਅਰਦਾਸ ਕਰਨ ਤੋਂ ਬਾਅਦ ਨਿਰਮਾਣ ਕੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਕਾਰ ਸੇਵਾ ਭੂਰੀ ਵਾਲੇ ਬਾਬਾ ਗੁਰਵਿੰਦਰ ਸਿੰਘ ਅਤੇ ਕਾਰ ਸੇਵਾ ਦਿੱਲੀ ਵਾਲੇ ਬਾਬਾ ਗੁਰਨਾਮ ਸਿੰਘ ਵੀ ਮੌਜੂਦ ਸਨ। ਮਲਟੀ ਲੈਵਲ ਪਾਰਕਿੰਗ ਦਾ ਠੇਕਾ ਕਲਸੀ ਬਿਟਕਾਨ ਕੰਪਨੀ ਨੂੰ ਦਿੱਤਾ ਗਿਆ ਹੈ, ਜੋ ਇਸ ਪ੍ਰੋਜੈਕਟ ਨੂੰ 2 ਸਾਲਾਂ ਵਿੱਚ ਪੂਰਾ ਕਰੇਗੀ। ਇਸ ਮੌਕੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਜਨਰਲ ਸਕੱਤਰ ਇੰਦਰਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਸਕੱਤਰ ਹਰਬੰਸ ਸਿੰਘ, ਮੈਂਬਰ ਹਰਪਾਲ ਸਿੰਘ ਜੌਹਲ ਅਤੇ ਮੀਡੀਆ ਇੰਚਾਰਜ ਸੁਦੀਪ ਸਿੰਘ ਹਾਜ਼ਰ ਰਹੇ।ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਇਹ ਮੌਜੂਦਾ ਕਮੇਟੀ ਲਈ ਖੁਸ਼ਕਿਸਮਤੀ ਦੀ ਗੱਲ ਹੈ ਕਿ ਸਾਡੇ ਕਾਰਜਕਾਲ ਵਿੱਚ ਇੱਕ ਹੋਰ ਨਵੇਂ ਪ੍ਰੋਜੈਕਟ ਦੀ ਸ਼ੁਰੂਆਤ ਹੋਈ ਹੈ। ਉਨ੍ਹਾਂ ਦੱਸਿਆ ਕਿ ਮਲਟੀ ਲੈਵਲ ਪਾਰਕਿੰਗ 6 ਮੰਜ਼ਿਲਾਂ ਵਿੱਚ ਬਣਾਈ ਜਾਵੇਗੀ। ਇਸ ਦੇ ਨਾਲ ਹੀ ਇਸ ਵਿੱਚ 2 ਮੰਜ਼ਿਲਾਂ 'ਤੇ ਸੰਗਤ ਦੀ ਰਹਾਇਸ਼ ਲਈ ਡਾਰਮਿਟਰੀ ਹਾਲ ਬਣਾਏ ਜਾਣਗੇ ਅਤੇ ਹੇਠਲੀ ਮੰਜ਼ਿਲ 'ਤੇ ਬਾਥਰੂਮ ਬਣਾਏ ਜਾਣਗੇ।



ਇਸ ਪਾਰਕਿੰਗ ਵਿੱਚ ਲਗਭਗ 500 ਕਾਰਾਂ ਅਤੇ 40 ਤੋਂ 50 ਬੱਸਾਂ/ਟਰੱਕ ਆਦਿ ਖੜੇ ਕੀਤੇ ਜਾ ਸਕਣਗੇ। ਜੋ ਵੀ ਸ਼ਰਧਾਲੂ ਆਪਣੀਆਆ ਗੱਡੀਆਂ ਨਾਲ ਤਖ਼ਤ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਆਉਣਗੇ, ਉਹ ਮਰੀਨ ਡਰਾਈਵ ਰਾਹੀਂ ਸਿੱਧਾ ਪਾਰਕਿੰਗ ਤੱਕ ਪਹੁੰਚਣਗੇ ਅਤੇ ਉੱਥੋਂ ਬੈਟਰੀ ਰਿਕਸ਼ਾ ਰਾਹੀਂ ਉਨ੍ਹਾਂ ਨੂੰ ਤਖ਼ਤ ਪਟਨਾ ਸਾਹਿਬ ਲਿਜਾਣ ਅਤੇ ਵਾਪਸ ਲਿਆਉਣ ਦੀ ਸੁਵਿਧਾ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਕਲਸੀ ਬਿਟਕਾਨ ਕੰਪਨੀ ਦੇ ਸੁਮਿਤ ਸਿੰਘ ਕਲਸੀ ਨੂੰ ਸੌਂਪਿਆ ਗਿਆ ਹੈ, ਜੋ ਇਸ ਨੂੰ 2 ਵਰ੍ਹਿਆਂ 'ਚ ਤਿਆਰ ਕਰ ਦੇਣਗੇ। ਇਸ ਪਾਰਕਿੰਗ ਦੇ ਬਣਨ ਨਾਲ ਸੰਗਤਾਂ ਨੂੰ ਕਾਫ਼ੀ ਸੁਵਿਧਾ ਮਿਲੇਗੀ।

# ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਟਰੇਨਿੰਗ ਸਰਕਾਰੀ ਬੀ ਐੱਡ ਕਾਲਜ ਮਾਲੇਰਕੋਟਲਾ ਵਿਖੇ ਲਗਾਈ

**ਆਜ਼ਾਦ ਸੋਚ**
**ਕੁਲਵੰਤ ਸਿੰਘ ਮੁਹਾਲੀ**
**ਮਾਲੇਰਕੋਟਲਾ, 17 ਮਾਰਚ**

========================



ਸਰਕਾਰੀ ਅਧਿਆਪਕਾਂ ਦੀ ਨਵੇਂ ਸੈਸ਼ਨ ਦੇ ਏਜੰਡੇ ਸੰਬੰਧੀ ਇੱਕ ਟਰੇਨਿੰਗ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਸ੍ਰੀਮਤੀ ਬਲਜਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਮਾਲੇਰਕੋਟਲਾ ਅਤੇ ਸ੍ਰੀ ਸੋਹਣ ਸਿੰਘ ਬੀਪੀਈਓ ਦੀ ਅਗਵਾਈ ਵਿੱਚ, ਡਾ ਮੁਹੰਮਦ ਸ਼ਫੀਕ ਜ਼ਿਲ੍ਹਾ ਕੋਆਰਡੀਨੇਟਰ, ਸ੍ਰੀ ਪੁਨੀਤ ਵਾਤਿਸ਼ ਕੋਆਰਡੀਨੇਟਰ ਮਾਲੇਰਕੋਟਲਾ ਕਮ ਨੋਡਲ ਅਫ਼ਸਰ ਟਰੇਨਿੰਗ ਅਤੇ ਮੁਹੰਮਦ ਯਾਮੀਨ ਨੂਰ ਕੋਆਰਡੀਨੇਟਰ ਦੁਆਰਾ ਸਾਂਝੇ ਰੂਪ ਵਿੱਚ ਲਗਾਈ ਗਈ।ਜਿਸ ਵਿੱਚ ਮੁੱਖ ਤੌਰ ਤੇ ਪ੍ਰੋਗਰੈਸਿਵ ਹੌਲਿਸਟਕ ਕਾਰਡ, ਜਾਦੂਈ ਪਿਟਾਰਾ ਬਾਰੇ ਟ?ਰੇਨਿੰਗ ਦਿੱਤੀ ਗਈ।ਇਸ ਸਮੇਂ ਮੁੱਖ ਮਹਿਮਾਨ ਡਾ.ਮੁਹੰਮਦ ਇਰਫ਼ਾਨ ਫਾਰੂਕੀ ਪ੍ਰਿੰਸੀਪਲ ਸਰਕਾਰੀ ਬੀ.ਐਡ ਕਾਲਜ ਮਾਲੇਰਕੋਟਲਾ ਅਤੇ ਰਣਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਐਸ ਸੀ ਬੀ ਸੀ ਅਧਿਆਪਕ ਯੂਨੀਅਨ ਮਾਲੇਰਕੋਟਲਾ ਨੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਇੱਕ ਦੂਜੇ ਅਧਿਆਪਕ ਦੀ ਸਿੱਖਣ ਸਿਖਾਉਣ ਵਿੱਚ ਮਦਦ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਸਮੁੱਚਾ ਪ੍ਰਬੰਧ ਬਹੁਤ ਵਧੀਆ ਸੀ ਜਿਸ ਵਿੱਚ ਆਏ ਹੋਏ ਅਧਿਆਪਕਾਂ ਨੂੰ ਰਿਫਰੈਸ਼ਮੈਂਟ ਅਤੇ ਸਿੱਖਣ ਸਮੱਗਰੀ ਵੀ ਮੁਹਈਆ ਕਰਵਾਈ ਗਈ।ਇਸ ਤੋਂ ਇਲਾਵਾ ਨਵੇਂ ਸੈਸ਼ਨ ਵਿੱਚ ਅਧਿਆਪਕਾਂ ਨੂੰ ਵੱਧ ਤੋਂ ਵੱਧ ਦਾਖਲੇ ਕਰਨ ਲਈ ਉਤਸ਼ਾਹਿਤ ਕੀਤਾ ਗਿਆ।

# ਕਾਂਗਰਸੀ ਵਰਕਰ ਹਮੇਸ਼ਾਂ ਪਾਰਟੀ ਦੀ ਰੀੜ੍ਹ ਦੀ ਹੱਡੀ ਰਹੇ ਹਨ : ਜੀਤੀ ਪਡਿਆਲਾ

**ਆਜ਼ਾਦ ਸੋਚ**
**ਹਰਜਿੰਦਰ ਭੰਗੂ**
**ਕੁਰਾਲੀ , 17 ਮਾਰਚ**

========================



ਹਲਕਾ ਖਰੜ ਦੇ ਪਿੰਡ ਸਹੌੜਾ ਵਿਖੇ ਕਾਂਗਰਸੀ ਵਰਕਰਾਂ ਦੀ ਲਾਮਬੰਦੀ ਲਈ ਇਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਦੀ ਅਗਵਾਈ ਜ਼ਿਲ੍ਹਾ ਕਾਂਗਰਸ ਕਮੇਟੀ ਮੋਹਾਲੀ ਦੇ ਸਾਬਕਾ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਨੇ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਆਗੂ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਰਣਜੀਤ ਸਿੰਘ ਜੀਤੀ ਪਡਿਆਲਾ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਕਾਂਗਰਸੀ ਵਰਕਰਾਂ ਨੂੰ ਹੁਣ ਤੋਂ ਹੀ ਪਾਰਟੀ ਲਈ ਪੂਰੀ ਤਾਕਤ ਨਾਲ ਲਾਮਬੰਦ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਵਰਕਰ ਹਮੇਸ਼ਾਂ ਹੀ ਪਾਰਟੀ ਦੀ ਰੀੜ੍ਹ ਦੀ ਹੱਡੀ ਰਹੇ ਹਨ ਅਤੇ ਵਰਕਰਾਂ ਦੀ ਮਿਹਨਤ ਅਤੇ ਇਕਜੁੱਟਤਾ ਨਾਲ ਹੀ ਪਾਰਟੀ ਨੂੰ ਮਜ਼ਬੂਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਹਰ ਮੋਰਚੇ 'ਤੇ ਨਾਕਾਮ ਸਾਬਤ ਹੋਈ ਹੈ ਅਤੇ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਲੋਕਾਂ ਦੇ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਸਿਰਫ਼ ਦਾਅਵਿਆਂ ਤੱਕ ਹੀ ਸੀਮਿਤ ਹੈ। ਰਣਜੀਤ ਸਿੰਘ ਜੀਤੀ ਪਡਿਆਲਾ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਬਦਲਾਅ ਚਾਹੁੰਦੇ ਹਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਹਰ ਵਰਕਰ ਨੂੰ ਪਿੰਡ ਪੱਧਰ ਤੱਕ ਸਰਗਰਮ ਹੋਣਾ ਪਵੇਗਾ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਬਣਾਉਣ ਅਤੇ ਪਾਰਟੀ ਦੀਆਂ ਨੀਤੀਆਂ ਅਤੇ ਕਾਰਜਾਂ ਬਾਰੇ ਜਾਣੂ ਕਰਵਾਉਣ। ਉਨ੍ਹਾਂ ਭਰੋਸਾ ਜਤਾਇਆ ਕਿ ਕਾਂਗਰਸੀ ਵਰਕਰਾਂ ਦੀ ਇਕਜੁੱਟਤਾ ਅਤੇ ਮਿਹਨਤ ਨਾਲ ਆਉਣ ਵਾਲੇ ਸਮੇਂ ਵਿੱਚ ਪਾਰਟੀ ਹੋਰ ਮਜ਼ਬੂਤ ਹੋਵੇਗੀ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੇਗੀ। ਮੀਟਿੰਗ ਦੌਰਾਨ ਕਈ ਵਰਕਰਾਂ ਨੇ ਆਪਣੇ ਵਿਚਾਰ ਵੀ ਸਾਂਝੇ ਕੀਤੇ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਕੁਲਦੀਪ ਸਿੰਘ ਸ਼ੇਰਗਿੱਲ,ਸਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ ।

# ਪੰਜਾਬੀ ਸਾਹਿਤ ਸਭਾ ਦਿੱਲੀ ਨੇ ਕੌਮਾਂਤਰੀ ਮਹਿਲਾ ਦਿਵਸ ਸਬੰਧੀ ਸਮਾਗਮ ਕਰਵਾਇਆ




**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 17 ਮਾਰਚ**

========================

ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿੱਖੇ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਜਿਸ ਦੌਰਾਨ ਪੰਜ ਕਵੀਤਰੀਆਂ ਨੇ ਆਪਣੀਆਂ ਕਵਿਤਾਵਾਂ ਦਾ ਪਾਠ ਕੀਤਾ। ਸਮਾਗਮ ਦੀ ਪ੍ਰਧਾਨਗੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਲੇਖਕਾ ਡਾ. ਵਨੀਤਾ ਨੇ ਕੀਤੀ। ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਆਖਿਆ ਕਿ ਮਹਿਲਾਵਾਂ ਦੀਆਂ ਸਮਾਜਕ, ਆਰਥਕ ਤੇ ਰਾਜਨੀਤਕ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਅਤੇ ਜਿਨਸੀ ਬਰਾਬਰੀ ਪ੍ਰਤੀ ਜਾਗਰੂਕਤਾ ਵਧਾਉਣ ਲਈ ਅਤੇ ਮਹਿਲਾਵਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ਾਂ ਨੂੰ ਸਨਮਾਨਤ ਕਰਨ ਲਈ ਕੌਮਾਂਤਰੀ ਮਹਿਲਾ ਦਿਵਸ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਉਪਮਾ ਡਾਗਾ ਪਾਰਥ ਨੇ ਕਵੀ ਦਰਬਾਰ ਦੀ ਸ਼ੁਰੂਆਤ 'ਦਸਤੂਰ', 'ਪ੍ਰਿਜਮ' ਆਦਿ ਕਵਿਤਾਵਾਂ ਨਾਲ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਮਹਿਲਾਵਾਂ ਦੋ ਚੀਜ਼ਾਂ ਲੋਚਦੀਆਂ ਹਨ- ਸਨਮਾਨ ਅਤੇ ਪਛਾਣ। ਗਗਨ ਮੀਤ ਕੌਰ ਨੇ 'ਬੈਂਡੀਟ ਕੁਈਨ,' 'ਤੂੰ ਤੁਰ', 'ਮਰਦਾਨਗੀ' ਤੇ 'ਕਿਵੇਂ ਆਖਾਂ ਜ਼ਿੰਦਗੀ ਮੁਬਾਰਕ' ਕਵਿਤਾਵਾਂ ਸੁਣਾਈਆਂ। ਛਿੰਦਰ ਕੌਰ ਨੇ 'ਕਰਮ', 'ਯਾਰ ਪੰਖੇਰੂ ਆਦਿ ਕਵਿਤਾਵਾਂ ਸੁਣਾਉਂਦਿਆਂ ਇਨ੍ਹਾਂ ਸਤਰਾਂ ਤੇ ਭਰਪੂਰ ਦਾਦ ਹਾਸਲ ਕੀਤੀ- 'ਮਿੱਟੀ ਵੀ ਤੇਰੀ, ਸੱਚਾ ਵੀ ਤੇਰਾ, ਆਵਾ ਵੀ ਤੇਰਾ, ਮੈਂ ਤਾਂ ਬਸ ਢਲਣਾ ਹੈ।' ਤਰਿੰਦਰ ਕੌਰ ਨੇ 'ਯਸ਼ੋਦਰਾ', 'ਯਾਤਰਾ', 'ਮਾਂ' ਆਦਿ ਨਿੱਕੀਆਂ-ਨਿੱਕੀਆਂ ਕਵਿਤਾਵਾਂ ਸੁਣਾ ਕੇ ਚੰਗਾ ਸਮਾਂ ਬੰਨ੍ਹਿਆ।

ਡਾ. ਵਨੀਤਾ ਨੇ 'ਅਹੰਕਾਰ', 'ਜ਼ਿੰਦਗੀ', 'ਸੰਘਣਾ ਬਿਰਖ', 'ਵਿਆਹੀਆਂ ਤ੍ਰਿਮਤਾਂ ਕਦੇ ਸੱਚ ਨਹੀਂ ਬੋਲਦੀਆਂ' ਆਦ ਕਵਿਤਾਵਾਂ ਸੁਣਾਉਂਦਿਆਂ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕੀ ਅੱਜ ਦਾ ਯੁਗ ਨਾ ਨਾਰੀਵਾਦ ਦਾ ਹੈ ਤੇ ਨਾ ਹੀ ਮਰਦਵਾਦ ਦਾ, ਅੱਜ ਦਾ ਯੁਗ ਇਨਸਾਨੀਅਤ ਦਾ ਹੈ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸਭਾ ਦੇ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ, ਪ੍ਰੋ. ਰਵੇਲ ਸਿੰਘ, ਗੁਰਦੀਪ ਕੌਰ, ਰਾਜੀਵ ਸੇਠ, ਅਰੁਣ ਵਰਮਾ, ਜਗਤਾਰ ਜੀਤ, ਚਰਨਜੀਤ ਰਾਹੀ, ਸਤੀਸ਼ ਕੁਮਾਰ, ਖੋਜਾਰਥੀ, ਵਿਦਿਆਰਥੀ ਤੇ ਪ੍ਰਕਾਸ਼ਨ ਜਗਤ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।

# ਇਜ਼ਰਾਈਲ ਦਾ ਦਾਅਵਾ: ਹਮਲੇ ਵਿੱਚ ਚੋਟੀ ਦਾ ਇਰਾਨੀ ਕਮਾਂਡਰ ਸੁਲੇਮਾਨੀ ਹਲਾਕ

ਦੁਬਈ, ਇਜ਼ਰਾਈਲ ਨੇ ਮੰਗਲਵਾਰ ਨੂੰ ਕਿਹਾ ਕਿ ਉਸ ਨੇ ਇਰਾਨੀ ਰੈਵੋਲਿਊਸ਼ਨਰੀ ਗਾਰਡਜ਼ ਦੀ ਵਲੰਟੀਅਰ ਬਸੀਜ (Basij) ਫੋਰਸ ਦੇ ਮੁਖੀ ਨੂੰ ਮਾਰ ਦਿੱਤਾ ਹੈ। ਇਹ ਉਹ ਫੋਰਸ ਹੈ ਜੋ ਇਸਲਾਮਿਕ ਰੀਪਬਲਿਕ ਵਿੱਚ ਪ੍ਰਦਰਸ਼ਨਾਂ ਨੂੰ ਕੁਚਲਣ ਲਈ ਵਰਤੀ ਜਾਂਦੀ ਹੈ। ਇਜ਼ਰਾਇਲੀ ਫੌਜ ਨੇ ਦੱਸਿਆ ਕਿ ਸੋਮਵਾਰ ਨੂੰ ਕੀਤੇ ਗਏ ਇੱਕ ਹਮਲੇ ਵਿੱਚ ਗੁਲਾਮਰੇਜ਼ਾ ਸੁਲੇਮਾਨੀ ਮਾਰਿਆ ਗਿਆ ਹੈ।ਇਜ਼ਰਾਇਲੀ ਫੌਜ ਨੇ ਆਪਣੇ ਬਿਆਨ ਵਿੱਚ ਕਿਹਾ ਕਿ ÷ਬਸੀਜ ਫੋਰਸਿਜ਼ ਇਰਾਨੀ ਅਤਿਵਾਦੀ ਸ਼ਾਸਨ ਦੇ ਹਥਿਆਰਬੰਦ ਤੰਤਰ ਦਾ ਹਿੱਸਾ ਹਨ।

# ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਬਲਾਕ ਸੰਮਤੀ ਅਟਾਰੀ ਦੀ ਨਵੀਂ ਚੁਣੀ ਚੇਅਰਪਰਸਨ ਸੁਖਵਿੰਦਰ ਕੌਰ ਅਤੇ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਸਾਗਨਾ ਨੂੰ ਵਧਾਈ ਦਿੱਤੀ

**ਆਜ਼ਾਦ ਸੋਚ**
**ਤਰੁਣ ਮਹਿਰਾ**
**ਅਟਾਰੀ/ਅੰਮ੍ਰਿਤਸਰ, 17 ਮਾਰਚ**

========================



ਵਿਧਾਨ ਸਭਾ ਹਲਕਾ ਅਟਾਰੀ ਦੇ ਵਿਧਾਇਕ ਸ. ਜਸਵਿੰਦਰ ਸਿੰਘ ਰਮਦਾਸ ਵੱਲੋਂ ਅੱਜ ਬਲਾਕ ਸੰਮਤੀ ਅਟਾਰੀ ਦੇ ਬਹੁਮਤ ਨਾਲ ਚੁਣੇ ਗਏ ਚੇਅਰਪਰਸਨ ਬੀਬੀ ਸੁਖਵਿੰਦਰ ਕੌਰ ਪਤਨੀ ਕੰਵਲਜੀਤ ਸਿੰਘ ਮੋਨੂੰ ਖਾਸਾ ਅਤੇ ਵਾਈਸ ਚੇਅਰਮੈਨ ਸ. ਬਲਵਿੰਦਰ ਸਿੰਘ ਸਾਗਨਾ ਨੂੰ ਵਧਾਈ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਦੋਵੇਂ ਹੀ ਅਹੁਦੇਦਾਰ ਬਹੁਤ ਇਮਾਨਦਾਰ ਹਨ ਅਤੇ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਇਨ੍ਹਾਂ ਵੱਲੋਂ ਬਲਾਕ ਸੰਮਤੀ ਅਟਾਰੀ ਅਧੀਨ ਆਉਂਦੇ ਪਿੰਡਾਂ ਵਿੱਚ ਸਰਬਪੱਖੀ ਵਿਕਾਸ ਕੀਤਾ ਜਾਵੇਗਾ।

ਵਿਧਾਇਕ ਸ. ਜਸਵਿੰਦਰ ਸਿੰਘ ਅਟਾਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਪਾਰਟੀ ਨੇ ਹਮੇਸ਼ਾਂ ਹੀ ਆਮ ਘਰਾਂ ਦੇ ਜਾਇਆਂ ਨੂੰ ਵੱਡੇ ਅਹੁਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬੀਤੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਵੱਡੀ ਜਿੱਤ ਹਾਸਲ ਕੀਤੀ ਹੈ ਅਤੇ ਇਹ ਚੁਣੇ ਹੋਏ ਆਗੂ ਪਿੰਡਾਂ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਅਟਾਰੀ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਵਿੱਚ ਗ੍ਰਾਂਟਾਂ ਦੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਬਲਾਕ ਸੰਮਤੀ ਅਟਾਰੀ ਦੇ ਸਮੂਹ ਮੈਂਬਰਾਂ ਨੂੰ ਵੀ ਮੁਬਾਰਕਬਾਦ ਦਿੱਤੀ।

ਇਸ ਮੌਕੇ ਮਾਰਕੀਟ ਕਮੇਟੀ ਚੇਅਰਪਰਸਨ ਮੈਡਮ ਸੀਮਾ ਸੋਢੀ, ਗੁਰਮੰਦਰ ਸਿੰਘ, ਸਾਬਕਾ ਚੇਅਰਮੈਨ ਹਰਦੇਵ ਸਿੰਘ ਲਾਲੀ, ਬਲਾਕ ਪ੍ਰਧਾਨ ਬਲਕਾਰ ਸਿੰਘ ਰਾਜਾਤਾਲ, ਰਣਦੀਪ ਸਿੰਘ, ਸਰਪੰਚ ਨਿਰਵੈਲ ਸਿੰਘ, ਕੁਲਵੰਤ ਸਿੰਘ ਕੋਕਾ ਕੋਲਾ, ਦਿਲਬਾਗ ਸਿੰਘ ਚੀਚਾ, ਨਰਿੰਦਰ ਸ਼ਰਮਾ, ਸਰਵਣ ਸਿੰਘ ਖਾਸਾ, ਬਲਦੇਵ ਸਿੰਘ ਲੋਹਰੀਮਲ, ਹਰਮੇਸ਼ ਸਿੰਘ, ਕੁਲਵਿੰਦਰ ਸਿੰਘ ਸਾਗਣਾ, ਪ੍ਰਤਾਪ ਸਿੰਘ ਚੱਬਾ, ਤਰਲੋਕ ਸਿੰਘ, ਕੁਲਦੀਪ ਸਿੰਘ ਮੋਧੇ ਆਦਿ ਹਾਜ਼ਰ ਸਨ।

# ਹਸਪਤਾਲ ਇਲਾਜ ਕਰਵਾਉਣ ਗਏ ਵਿਅਕਤੀ ਦੇ 30 ਹਜ਼ਾਰ ਕੱਢੇ; ਮਾਮਲਾ ਦਰਜ

## ਪੁਲਿਸ ਵੱਲੋਂ ਕੁੱਝ ਘੰਟੇ ਵਿੱਚ 4 ਦੋਸ਼ੀ ਔਰਤਾਂ ਕਾਬੂ

**ਆਜ਼ਾਦ ਸੋਚ**
**ਅਵਤਾਰ ਸੈਣੀ/ਜੀਰਕਪੁਰ, 17 ਮਾਰਚ**

========================



ਇਲਾਕੇ ਵਿੱਚ ਦਿਨ ਦਿਹਾੜੇ ਲੁੱਟ ਦੀ ਇੱਕ ਸੰਸਨੀਖੇਜ਼ ਵਾਰਦਾਤ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਕਰਨੈਲ ਸਿੰਘ ਪੁੱਤਰ ਸੰਤ ਰਾਮ ਵਾਸੀ ਦਲੋਤ ਸਿੰਘ ਭਬਾਤ ਵਾਲਾ ਨਾਲ 4 ਅਣਪਛਾਤੀ ਔਰਤਾਂ ਵੱਲੋਂ ਲੁੱਟਮਾਰ ਕੀਤੀ ਗਈ। ਪੁਲਿਸ ਨੂੰ ਪੀੜਤ ਨੇ ਦੱਸਿਆ ਕਿ ਉਹ 16 ਮਾਰਚ ਦੀ ਸ਼ਾਮ ਨੂੰ ਆਪਣੇ ਪੁੱਤਰ ਜਗਤਾਰ ਸਿੰਘ ਦਾ ਇਲਾਜ ਕਰਵਾਉਣ ਲਈ ਸਿਵਲ ਹਸਪਤਾਲ ਢਕੋਲੀ ਗਿਆ ਸੀ ਇਸ ਦੌਰਾਨ ਪਰਚੀ ਕਟਵਾਉਂਦੇ ਸਮੇਂ ਜਦੋਂ ਉਹ ਲਾਈਨ ਵਿੱਚ ਲੱਗਿਆ ਹੋਇਆ ਸੀ ਤਾਂ ਉਸਦੀ ਜੇਬ ਵਿਚੋਂ 4 ਅਣਪਛਾਤੇ ਔਰਤਾਂ ਨੇ ਲਗਭਗ 30,000 ਰੁਪਏ ਨਕਦ ਉਸਦੀ ਜੇਬ ਵਿੱਚੋਂ ਕੱਢ ਲਏ। ਉਸਨੇ ਦਸਿਆ ਕਿ ਉਸਨੇ ਆਪਣੇ ਪੱਧਰ ਤੇ ਉਨ੍ਹਾਂ ਔਰਤਾਂ ਦੀ ਕਾਫ਼ੀ ਭਾਲ ਕੀਤੀ ਪ੍ਰੰਤੂ ਉਨ੍ਹਾਂ ਦਾ ਕੁੱਝ ਪਤਾ ਨਹੀਂ ਲੱਗਿਆ ਜਿਸਤੋਂ ਬਾਅਦ ਉਸਨੇ ਢਕੋਲੀ ਪੁਲਿਸ ਨੂੰ ਸਾਰੇ ਮਾਮਲੇ ਦੀ ਇਤਲਾਹ ਕਰ ਦਿੱਤੀ। ਇਸ ਸੰਬੰਧ ਵਿੱਚ ਪੁਲਿਸ ਨੇ ਮਾਮਲਾ ਦਰਜ ਕਰਦਿਆਂ ਕਾਰਵਾਈ ਸ਼ੁਰੂ ਕਰ ਦਿੱਤੀ । ਇਸ ਸਬੰਧੀ ਗੱਲ ਕਰਨ ਦੇ ਢਕੋਲੀ ਥਾਣਾ ਮੁਖੀ ਐੱਸਆਈ ਅਜੇ ਕੁਮਾਰ ਨੇ ਦੱਸਿਆ ਕਿ ਸ਼ਿਕਾਇਤ ਮਿਲਣ ਤੋਂ ਬਾਅਦ ਉਹਨਾਂ ਨੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਅਤੇ ਕੁਝ ਹੀ ਘੰਟੇ ਵਿੱਚ ਚਾਰ ਦੋਸ਼ੀ ਔਰਤਾਂ ਨੂੰ ਕਾਬੂ ਕਰ ਲਿਆ। ਦੋਸ਼ਣਾਂ ਦੀ ਪਹਿਚਾਣ ਨੇਹਾ ਪਤਨੀ ਰਿਤੇਸ਼, ਨੰਦਨੀ ਪਤਨੀ ਦੇਵ, ਰੀਮਾ ਪਤਨੀ ਸ਼ਿਵ ਅਤੇ ਦੀਸ਼ਾ ਪਤਨੀ ਰੋਹਨ ਵਾਸੀਆਨ ਵਾਸੀ ਪਿੰਡ ਦੁਰੇਲੀ ਝੁੱਗੀਆਂ ਨੇੜੇ ਰੇਲਵੇ ਸਟੇਸ਼ਨ ਜਿਲਾ ਉਨਾਓ ਯੂ ਪੀ ਹਾਲ ਵਾਸੀਆਨ ਕਾਲਕਾ ਰੇਲਵੇ ਸਟੇਸ਼ਨ ਥਾਣਾ ਕਾਲਕਾ ਜਿਲਾ ਪੰਚਕੂਲਾ ਹਰਿਆਣਾ ਹੋਈ ਹੈ ਜਿਨ੍ਹਾਂ ਨੂੰ ਗ੍ਰਿਫਤਾਰ ਕਰ ਕਰਕੇ ਉਹਨਾਂ ਪਾਸੋਂ 22500 ਰੁਪਏ ਦੀ ਨਗਦ ਬਰਾਮਦ ਕਰ ਲਈ ਹੈ। ਉਹਨਾਂ ਨੇ ਦੱਸਿਆ ਕਿ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਜੇਲ ਭੇਜ ਦਿੱਤਾ ਜਾਵੇਗਾ।

# ਆਸ਼ਾ ਵਰਕਰਜ਼ ਵਲੋਂ 28 ਮਾਰਚ ਤੱਕ ਪੰਜਾਬ ਵਿੱਚ ਸਾਰੇ ਕੰਮਾਂ ਦੇ ਮੁਕੰਮਲ ਬਾਈਕਾਟ ਦਾ ਐਲਾਨ

ਭਵਾਨੀਗੜ੍ਹ, 16 ਮਾਰਚ (ਸੋਹਨ ਸਿੰਘ ਸੋਢੀ):ਆਸ਼ਾ ਵਰਕਰਜ ਫੈਸੀਲਿਟੇਟਰਜ਼ ਯੂਨੀਅਨ ਸਾਂਝਾ ਮੋਰਚਾ ਪੰਜਾਬ ਦੀ ਚੇਅਰਮੈਨ ਸੁੱਖਵਿੰਦਰ ਕੌਰ ਸੁੱਖੀ ਮਾਨਸਾ, ਰਾਣੋ ਖੇੜੀ ਗਿੱਲਾਂ, ਅਮਰਜੀਤ ਕੌਰ ਰਣ ਸਿੰਘ ਵਾਲਾ, ਹਰਿੰਦਰ ਕੌਰ ਸ਼ੁਤਰਾਣਾ, ਸੰਤੋਸ਼ ਕੁਮਾਰੀ ਚਾਰ ਕਨਵੀਨਰਾਂ ਦੀ ਅਗਵਾਈ ਵਿੱਚ ਪੰਜਾਬ ਭਰ ਵਿੱਚ ਮੁਕੰਮਲ ਕੰਮਾਂ ਦਾ ਬਾਈਕਾਟ ਲਈ ਪੰਜਾਬ ਦੇ ਐਸ ਐਮ ਓ ਅਤੇ ਸਿਵਲ ਸਰਜਨ ਨੂੰ ਨੋਟਿਸ ਦਿੱਤੇ। ਬੇਨਤੀ ਹੈ ਕਿ ਐਨ ਐਚ ਐਮ ਅਧੀਨ ਪੰਜਾਬ ਭਰ ਵਿੱਚ ਕੰਮ ਕਰਨ ਵਾਲੀਆਂ ਆਸ਼ਾ ਵਰਕਰਜ਼ ਫੈਸੀਲਿਟੇਟਰਜ਼ ਤਕਰੀਬਨ ਪੂਰੇ 18 ਸਾਲ ਤੋਂ ਸਿਹਤ ਵਿਭਾਗ ਦੇ ਕੰਮਾਂ ਨੂੰ ਬੜੀ ਇਮਾਨਦਾਰੀ ਅਤੇ ਸੁਚੱਜੇ ਢੰਗ ਨਾਲ ਕਰ ਰਹੀਆਂ ਹਨ। ਹਰ ਭਿਆਨਕ (ਕਰੋਨਾ ਮਹਾਂਮਾਰੀ) ਬੀਮਾਰੀ ਵਿੱਚ ਆਪਣੀ ਜਾਨ ਦੀ ਬਿਨਾ ਪ੍ਰਵਾਹ ਕੰਮ ਨੂੰ ਮੂਹਰੀ ਕਤਾਰ ਵਿੱਚ ਕਰਦੀਆਂ ਹਨ ਅਤੇ ਵਿਭਾਗ ਦੇ ਕੰਮਾਂ ਦੇ ਟਾਰਗਿਟ ਨੂੰ ਮਿਨਟੈਨ ਰੱਖਦੀਆਂ ਹਨ। ਸਿਹਤ ਵਿਭਾਗ ਅਤੇ ਲੋਕਾਂ ਵਿਚਕਾਰ ਪੁਲ ਦਾ ਕੰਮ ਕਰਦੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਵਾ ਰਹੀਆਂ ਹਨ। ਪ੍ਰੰਤੂ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਆਪਣੇ 08 ਮਾਰਚ ਤੋਂ 11 ਮਾਰਚ ਤੱਕ ਚੱਲਣ ਵਾਲੇ ਬਜਟ ਵਿੱਚੋਂ ਫੁੱਟੀ ਕੌਡੀ ਨਹੀਂ ਦਿੱਤੀ, ਵਰਕਰਾਂ ਦੀਆਂ ਉਮੀਦਾਂ ਪ੍ਰਤੀ ਬਜਟ ਖੋਖਲਾ ਸ਼ਾਬਤ ਹੋਇਆਂ। ਨਿਰਾਸ਼ਾ ਅਤੇ ਤਸ਼ੱਸਦ ਤੋਂ ਬਿਨਾਂ ਕਿਸੇ ਕਿਸਮ ਦੇ ਭੱਤਿਆਂ ਵਿੱਚ ਵਾਧਾ ਨਹੀ ਕੀਤਾ। ਇਸ ਨਾਲ ਪੰਜਾਬ ਭਰ ਦੀਆਂ ਸੈਂਕੜੇ ਆਸਾਂ ਵਰਕਰਾਂ ਪੰਜਾਬ ਸਰਕਾਰ ਦੇ ਕਾਰਜਗਜਾਈ ਦੀ ਨਿੰਦਿਆਂ ਕਰਦੀਆਂ ਹਨ। ਭਾਰੀ ਰੋਸ ਕਾਰਨ ਆਉਣ ਵਾਲੀ 28 ਮਾਰਚ 2026 ਤੱਕ ਪੂਰੇ ਪੰਜਾਬ ਵਿੱਚ ਆਪਣੇ ਸਾਰੇ ਹੀ ਕੰਮਾਂ ਦਾ ਮੁਕੰਮਲ ਤੌਰ ਤੇ ਬਾਈਕਾਟ ਕਰਨਗੀਆਂ ਅਤੇ ਆਪਣੀਆਂ ਲਮਕ ਅਵਸਥਾ ਵਿੱਚ ਪੈਡਿੰਗ ਮੰਗਾਂ ਅਤੇ ਮੁਸ਼ਕਲਾਂ ਦੇ ਹੱਲ ਲਈ ਤਿੱਖੇ ਤੋਂ ਤਿੱਖੇ ਐਕਸ਼ਨਾਂ ਲਈ ਮਜ਼ਬੂਰ ਹੋਣ ਜਾਣ ਗਿਆਂ। ਇਸ ਸਿੱਟਿਆਂ ਤੋਂ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

# ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਵਿੱਚ 'ਮਹਿਲਾਵਾਂ ਦੀ ਸੁਰੱਖਿਆ ਸਬੰਧੀ ਜਾਗਰੂਕਤਾ' ਸਮਾਗਮ ਦਾ ਆਯੋਜਨ



ਫ਼ਤਹਿਗੜ੍ਹ ਸਾਹਿਬ, 17 ਮਾਰਚ ਸੁਨੀਲ ਵਰਮਾ):ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਦੀ ਐਨ.ਐਸ.ਐਸ. ਯੂਨਿਟ ਵੱਲੋਂ "ਮਹਿਲਾਵਾਂ ਦੀ ਸੁਰੱਖਿਆ ਸਬੰਧੀ ਜਾਗਰੂਕਤਾ"ਵਿਸ਼ੇ 'ਤੇ ਇਕ ਸਮਾਗਮ ਆਯੋਜਿਤ ਕੀਤਾ ਗਿਆ।

ਇਸ ਸਮਾਗਮ ਦਾ ਮੁੱਖ ਉਦੇਸ਼ ਮਹਿਲਾਵਾਂ ਦੀ ਸੁਰੱਖਿਆ, ਉਨ੍ਹਾਂ ਦੇ ਕਨੂੰਨੀ ਅਧਿਕਾਰਾਂ ਅਤੇ ਐਮਰਜੈਂਸੀ ਸਹਾਇਤਾ ਪ੍ਰਣਾਲੀਆਂ ਬਾਰੇ ਜਾਗਰੂਕ ਕਰਨਾ ਸੀ। ਸੈਸ਼ਨ ਦੌਰਾਨ ਪ੍ਰਯੋਗਿਕ ਸੁਰੱਖਿਆ ਉਪਾਵਾਂ ਜਿਵੇਂ ਕਿ ਐਮਰਜੈਂਸੀ ਹੈਲਪਲਾਈਨ ਨੰਬਰ, ਸੁਰੱਖਿਆ ਮੋਬਾਈਲ ਐਪਲੀਕੇਸ਼ਨਾਂ, ਸਵੈ ਰੱਖਿਆ ਦੇ ਤਰੀਕੇ ਅਤੇ ਮਹਿਲਾਵਾਂ ਦੀ ਰੱਖਿਆ ਲਈ ਬਣੇ ਮਹੱਤਵਪੂਰਨ ਕਨੂੰਨਾਂ ਬਾਰੇ ਜਾਣਕਾਰੀ ਦਿੱਤੀ ਗਈ।

ਵਿਦਿਆਰਥੀਆਂ ਨੇ ਚਰਚਾ ਵਿੱਚ ਸਰਗਰਮ ਹਿੱਸਾ ਲਿਆ ਅਤੇ ਸਮਾਜ ਵਿੱਚ ਇਕ ਸੁਰੱਖਿਅਤ ਅਤੇ ਆਦਰਯੋਗ ਵਾਤਾਵਰਣ ਬਣਾਉਣ ਲਈ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਵਿੱਚ ਇਹ ਵੀ ਉਜਾਗਰ ਕੀਤਾ ਗਿਆ ਕਿ ਮਹਿਲਾ ਸੁਰੱਖਿਆ ਸਿਰਫ ਮਹਿਲਾਵਾਂ ਦਾ ਮਾਮਲਾ ਨਹੀਂ, ਸਗੋਂ ਹਰ ਇੱਕ ਦੀ ਸਾਂਝੀ ਜ਼ਿੰਮੇਵਾਰੀ ਹੈ।

ਕਾਲਜ ਦੇ ਪ੍ਰਿੰਸੀਪਲ ਪ੍ਰੋ. (ਡਾ.) ਲਖਵੀਰ ਸਿੰਘ ਨੇ ਐਨ.ਐਸ.ਐਸ. ਪ੍ਰੋਗਰਾਮ ਅਧਿਕਾਰੀਆਂ ਡਾ. ਦਿਵਿਆ ਗੁਪਤਾ ਅਤੇ ਡਾ. ਬਿਕਰਮਜੀਤ ਸਿੰਘ ਦੇ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਲੋਕਾਂ ਨੂੰ ਉਨ੍ਹਾ ਦੇ ਕਨੂੰਨੀ ਅਧਿਕਾਰਾਂ ਬਾਰੇ ਜਾਗਰੂਕ ਕਰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਅਤੇ ਇੱਕ ਸੁਰੱਖਿਅਤ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

ਇਸ ਸਮਾਗਮ ਦਾ ਸੁਚੱਜਾ ਪ੍ਰਬੰਧ ਐਨ.ਐਸ.ਐਸ. ਵਲੰਟੀਅਰਾਂ ਵੱਲੋਂ ਕੀਤਾ ਗਿਆ। ਇਸ ਸਮਾਗਮ ਨੂੰ ਐਨ.ਐਸ.ਐਸ. ਯੂਨਿਟ ਦੇ ਮੈਂਬਰ ਡਾ. ਇਸ਼ਪ੍ਰੀਤ ਸਿੰਘ ਦਾ ਸਹਿਯੋਗ ਵੀ ਪ੍ਰਾਪਤ ਹੋਇਆ। ਇਸ ਮੌਕੇ ਸੀਨੀਅਰ ਵਾਰਡਨ ਡਾ. ਹਰਲੀਨ ਕੌਰ, ਵਾਰਡਨ ਸੁਖਵਿੰਦਰ ਕੌਰ ਅਤੇ ਕੇਅਰਟੇਕਰ ਸਤਵੰਤ ਕੌਰ ਵੀ ਮੌਜੂਦ ਸਨ।ਅੰਤ ਵਿੱਚ ਸਰਟੀਫਿਕੇਟ ਵੰਡੇ ਗਏ ਅਤੇ ਐਨ.ਐਸ.ਐਸ. ਵਲੰਟੀਅਰਾਂ ਨੂੰ ਐਨ.ਐਸ.ਐਸ. ਬੈਜ ਪ੍ਰਦਾਨ ਕੀਤੇ ਗਏ।

# ਏਆਈ ਤਕਨੀਕ ਦੀ ਦੁਰਵਰਤੋਂ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਵੀਡੀਓ ਦਾ ਸ਼੍ਰੋਮਣੀ ਕਮੇਟੀ ਨੇ ਲਿਆ ਸਖ਼ਤ ਨੋਟਿਸ

## ਆਰਟੀਫੀਸ਼ਲ ਇੰਟੈਲੀਜੈਂਸ ਦੀ ਦੁਰਵਰਤੋਂ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੱਜ ਰਹੀ ਹੈ ਗਹਿਰੀ ਸੱਟ: ਐਡਵੋਕੇਟ ਧਾਮੀ

**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 17 ਮਾਰਚ**

========================



ਆਰਟੀਫੀਸ਼ਲ ਇੰਟੈਲੀਜੈਂਸ (ਏਆਈ) ਤਕਨੀਕ ਨਾਲ ਵੀਡੀਓ ਬਣਾ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਨੂੰ ਠੇਸ ਪਹੁੰਚਾਉਣ ਅਤੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਵਾਲੀਆਂ ਘਟਨਾਵਾਂ ਦੇ ਲਗਾਤਾਰ ਵੱਧ ਰਹੇ ਰੁਝਾਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਹਿਰੀ ਚਿੰਤਾ ਪ੍ਰਗਟਾਈ ਹੈ। ਵੱਖ-ਵੱਖ ਸ਼ੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਪਲੋਡ ਹੋਈਆਂ ਵੀਡੀਓ ਸਾਹਮਣੇ ਆਉਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਸਬੰਧਤ ਖਾਤਿਆਂ ਅਤੇ ਵਿਅਕਤੀਆਂ ਵਿਰੁੱਧ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਆਰਟੀਫੀਸ਼ਲ ਇੰਟੈਲੀਜੈਂਸ ਦੀ ਦੁਰਵਰਤੋਂ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਸੱਟ ਵੱਜ ਰਹੀ ਹੈ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਅਜਿਹੇ ਮਾਮਲਿਆਂ ਦੀ ਗੰਭੀਰਤਾ ਨੂੰ ਲੈ ਕੇ ਸੰਜੀਦਾ ਪਹੁੰਚ ਅਪਨਾ ਰਹੀ ਹੈ ਅਤੇ ਏਆਈ ਖੇਤਰ ਦੇ ਮਾਹਿਰਾਂ ਦੇ ਸਹਿਯੋਗ ਨਾਲ ਇਸ ਨੂੰ ਰੋਕਣ ਲਈ ਯਤਨਸ਼ੀਲ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਹੈ, ਜਿਥੋਂ ਸਮੁੱਚੀ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ। ਕੁਝ ਲੋਕਾਂ ਵੱਲੋਂ ਇਸ ਪਾਵਨ ਅਸਥਾਨ ਦੀਆਂ ਗ਼ਲਤ ਤਰੀਕੇ ਨਾਲ ਵੀਡੀਓ ਬਣਾ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਜਾ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਬੇਹੱਦ ਗੰਭੀਰ ਮਾਮਲਾ ਹੈ, ਜਿਸ ਪ੍ਰਤੀ ਸਰਕਾਰ ਨੂੰ ਵੀ ਸੰਜੀਦਾ ਪਹੁੰਚ ਅਪਨਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਯਕੀਨੀ ਬਣਾਏ, ਤਾਂ ਜੋ ਕੋਈ ਵੀ ਅਜਿਹੀ ਹਰਕਤ ਨਾ ਕਰੇ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੀ ਕਿਸੇ ਵੀ ਵੀਡੀਓ ਨੂੰ ਅੱਗੇ ਸੇਅਰ ਨਾ ਕਰਨ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜਦੀ ਹੋਵੇ।

# ਭਾਜਪਾ ਦੀ ਬਦਲਾਓ ਰੈਲੀ ਵਿਚ ਜਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਪੰਜਾਬ ਤੋਂ ਵੱਡੀ ਗਿਣਤੀ ਵਿਚ ਪਹੁੰਚ ਕੇ ਲੋਕਾਂ ਨੇ ਪੰਜਾਬ ਅੰਦਰ ਭਾਜਪਾ ਦੀ ਸਰਕਾਰ ਬਣਨ ਦੀ ਨੀਂਹ ਰੱਖੀ




**ਆਜ਼ਾਦ ਸੋਚ**
**ਸੁਨੀਲ ਵਰਮਾ**
**ਫਤਿਹਗੜ੍ਹ ਸਾਹਿਬ , 17 ਮਾਰਚ**

========================

ਭਾਜਪਾ ਆਗੂ ਅਤੇ ਸਾਬਕਾ ਮੰਤਰੀ, ਪੰਜਾਬ, ਡਾ: ਹਰਬੰਸ ਲਾਲ ਪਾਰਟੀ ਵਰਕਰਾਂ ਅਤੇ ਭਾਜਪਾ ਆਗੂਆਂ ਦੀ ਹੌਂਸਲਾ ਅਫਜਾਈ ਕਰਦੇ ਹੋਏ ਕੁਲਦੀਪ ਸਿੰਘ ਸਿੱਧੂਪੁਰ,ਸ਼ਾਮਲਾਲ ਨਰੂਲਾ, ਗੁਰਤੇਜ ਸਿੰਘ ਭਾਗਨਪੁਰ, ਅੱਜ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ, ਪੰਜਾਬ,ਡਾ: ਹਰਬੰਸ ਲਾਲ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਅੱਜ ਜੋ ਮੋਗਾ ਜਿਲ੍ਹੇ ਦੇ ਪਿੰਡ ਕਿੱਲੀ ਚਹਿਲਾਂ ਵਿਚ ਜੋ ਵੱਡੇ ਇਕੱਠ ਨਾਲ ਪੰਜਾਬ ਅੰਦਰ ਬਦਲਾਓ ਰੈਲੀ ਨੇ ਦੱਸ ਦਿੱਤਾ ਹੈ ਕਿ ਪੰਜਾਬ ਅੰਦਰ ਆਉਣ ਵਾਲੀ 2027 ਦੀ ਸਰਕਾਰ ਭਾਰਤੀ ਜਨਤਾ ਪਾਰਟੀ ਦੀ ਹੀ ਬਣੇਗੀ। ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਜੀ ਨੇ ਬੋਲਦੇ ਹੋਏ ਕਿਹਾ ਕਿ ਪੰਜਾਬ ਵਿਚ ਮੌਜੂਦਾ ਆਮ ਆਦਮੀ ਸਰਕਾਰ ਨਸ਼ਾ ਖਤਮ ਕਰਨ ਦਾ ਵਾਇਦਾ ਕਰਕੇ ਅਤੇ ਪੰਜਾਬ ਦੇ ਬੇਰੁਜਗਾਰ ਨੌਜਵਾਨਾਂ ਨੂੰ ਰੋਜਗਾਰ ਦੇਣ ਦੇ ਲੋਕਾਂ ਨਾਲ ਵੱਡੇ ਵਾਇਦੇ ਕਰਕੇ ਸੱਤਾ ਵਿਚ ਆਈ ਸੀ ਅਤੇ ਹੁਣ ਪੰਜਾਬ ਵਿਚ ਨਸ਼ਾ ਦਿਨ ਪ੍ਰਤੀ ਦਿਨ ਵਧਦਾ ਹੀ ਜਾ ਰਿਹਾ ਹੈ ਅਤੇ ਹਰ ਰੋਜ ਨੌਜਵਾਨ ਭੈੜੇ ਨਸ਼ੇ ਕਰਨ ਨਾਲ ਮਰ ਰਹੇ ਹਨ ਅਤੇ ਦੂਜੇ ਪਾਸੇ ਪੰਜਾਬ ਅੰਦਰ ਬੇਰੁਜਗਾਰੀ ਵੀ ਦਿਨ ਪ੍ਰਤੀ ਦਿਨ ਵਧ ਰਹੀ ਹੈ। ਅਮਿਤ ਸ਼ਾਹ ਜੀ ਨੇ ਰੈਲੀ ਵਿਚ ਪੰਜਾਬ ਦੇ ਲੋਕਾਂ ਨਾਲ ਇਹ ਵਾਇਦਾ ਕੀਤਾ ਕਿ ਤੁਸੀਂ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਓ ਅਸੀਂ ਪੰਜਾਬ ਵਿਚੋਂ ਦੋ ਸਾਲ ਵਿਚ ਨਸ਼ੇ ਨੂੰ ਜੜੋਂ ਖਤਮ ਕਰ ਦਿਆਂਗੇ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਹੋਵੇਗੀ।

ਦੂਜੇ ਪਾਸੇ ਪੰਜਾਬ ਵਿਚੋਂ ਜੋ ਸਾਡੇ ਬੇਰੁਜਗਾਰੀ ਹੈ, ਉਸਨੂੰ ਵੀ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜਗਾਰ ਦੇ ਕੇ ਅਤੇ ਰੁਜਗਾਰ ਦੇ ਨਵੇਂ ਸਾਧਨ ਪੈਦਾ ਕਰਕੇ ਪੰਜਾਬ ਵਿਚੋਂ ਬੇਰੁਜਗਾਰੀ ਨੂੰ ਵੀ ਜੜੋਂ ਖਤਮ ਕਰ ਦਿਆਂਗੇ। ਡਾ: ਹਰਬੰਸ ਲਾਲ ਨੇ ਪੰਜਾਬ ਵਿਚ ਅਮਿਤ ਸ਼ਾਹ ਜੀ ਦੇ ਆਉਣ ਤੇ ਪੰਜਾਬ ਦੇ ਲੋਕਾਂ ਵਲੋਂ ਅਤੇ ਫਤਿਹਗੜ੍ਹ ਸਾਹਿਬ ਜਿਲ੍ਹੇ ਦੇ ਲੋਕਾਂ ਵਲੋਂ ਉਹਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਅਲੱਗ ਅਲੱਗ ਮੁੱਦਿਆਂ ਤੇ ਪੇਹਰਾ ਦਿੰਦੇ ਹੋਏ ਭਾਜਪਾ ਪੰਜਾਬ ਨੂੰ ਖੁਸ਼ਹਾਲ ਸੂਬਾ ਬਣਾਏਗੀ। ਜਿੱਥੇ ਹਰ ਵਰਗ ਦੇ ਲੋਕ ਭਾਵੇਂ ਨੌਜਵਾਨ ਹੋਣ, ਪੰਜਾਬ ਦੀਆਂ ਔਰਤਾਂ, ਕਿਸਾਨਾਂ, ਕਿਰਤੀਆਂ, ਕਾਮਿਆਂ ਅਤੇ ਮਜਦੂਰਾਂ, ਵਪਾਰੀਆਂ, ਦੁਕਾਨਦਾਰਾਂ, ਪੰਜਾਬ ਸਰਕਾਰ ਦੇ ਸਾਰੇ ਮੁਲਾਜਮਾਂ ਅਤੇ ਪੰਜਾਬ ਦੇ ਉਦਯੋਗਾਂ ਨੂੰ ਤਰੱਕੀ ਭਾਜਪਾ ਦੀ ਸਰਕਾਰ ਬਣਨ ਤੇ ਮਿਲੇਗੀ।

ਜਿਹੜੇ ਸੂਬਿਆਂ ਵਿਚ ਵਾਰ, ਵਾਰ ਭਾਜਪਾ ਦੀਆਂ ਸਰਕਾਰਾਂ ਬਣਦੀਆਂ ਹਨ, ਉੱਥੇ ਭਾਜਪਾ ਲੋਕਾਂ ਨਾਲ ਕੀਤੇ ਹਰ ਵਾਇਦੇ ਨੂੰ ਤਨਦੇਹੀ ਨਾਲ ਪੂਰਾ ਕਰਕੇ ਦਿਖਾਉਂਦੀਆਂ ਹਨ, ਸਾਡੇ ਦੇਸ਼ ਦੇ ਹਰ ਸੂਬੇ ਦੇ ਲੋਕਾ ਨੂੰ ਭਾਜਪਾ ਦੀ ਸਰਕਾਰ ਤੇ ਭਰੋਸਾ ਹੈ। ਡਾ: ਹਰਬੰਸ ਲਾਲ ਸਾਬਕਾ ਮੰਤਰੀ ਨੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਭਾਜਪਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਅਤੇ ਆਲ ਇੰਡੀਆ ਭਾਜਪਾ ਆਗੂ ਸ੍ਰੀ ਤਰੁਣ ਚੁੱਘ ਅਤੇ ਪੰਜਾਬ ਦੇ ਸੰਗਠਨ ਮੰਤਰੀ ਸ੍ਰੀ ਨਿਵਾਸੂ ਜੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹਨਾਂ ਆਗੂਆਂ ਦੀ ਪੰਜਾਬਵਿਚ ਲਗਾਤਾਰ ਮੇਂਹਨਤ ਸਦਕਾ ਅਤੇ ਪੰਜਾਬ ਦੇ ਹੋਰ ਭਾਜਪਾ ਆਗੂਆਂ ਦੀ ਸਖਤ ਮੇਹਨਤ ਸਦਕਾ ਇਹ ਮੋਗਾ ਰੈਲੀ ਵਿਚ ਵੱਡਾ ਇਕੱਠ ਹੋਇਆ,ਡਾ: ਹਰਬੰਸ ਲਾਲ ਨੇ ਫਤਿਹਗੜ੍ਹ ਸਾਹਿਬ ਜਿਲ੍ਹੇ ਦੇ ਬਸੀ ਪਠਾਣਾਂ, ਸੰਘੋਲ, ਅਮਲੋਹ, ਗੋਬਿੰਦਗੜ੍ਹ, ਫਤਿਹਗੜ੍ਹ ਸਾਹਿਬ, ਸਰਹਿੰਦ ਦੇ ਲੋਕਾਂ ਦਾ ਵੱਡੀ ਗਿਣਤੀ ਵਿਚ ਰੈਲੀ ਵਿਚ ਪਹੁੰਚਣ ਤੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ

# ਸ਼੍ਰੋਮਣੀ ਕਮੇਟੀ ਨੇ ਵਾਤਾਵਰਣ ਦਿਹਾੜੇ ਵਜੋਂ ਮਨਾਇਆ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਗੁਰਤਾਗੱਦੀ ਦਿਵਸ



**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 17 ਮਾਰਚ**

========================

ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਅੱਜ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਾਤਾਵਰਣ ਦਿਵਸ ਦੇ ਰੂਪ 'ਚ ਮਨਾਇਆ ਗਿਆ। ਇਸ ਸਬੰਧੀ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਬਲਵਿੰਦਰ ਸਿੰਘ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸੰਗਤਾਂ ਨਾਲ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਸੱਤਵੇਂ ਪਾਤਸ਼ਾਹ ਜੀ ਨੇ ਸ੍ਰੀ ਕੀਰਤਪੁਰ ਸਾਹਿਬ ਵਿੱਖੇ ਬਾਗ਼ ਲਗਾ ਕੇ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੱਤਾ। ਨੁਮਾਇੰਦਾ ਸਿੱਖ ਸੰਸਥਾ ਸ਼?ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਗੁਰੂ ਸਾਹਿਬ ਦੇ ਗੁਰਤਾਗੱਦੀ ਦਿਵਸ ਨੂੰ ਹਰ ਸਾਲ ਵਾਤਾਵਰਣ ਦਿਵਸ ਵੱਜੋਂ ਮਨਾ ਕੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਆ ਜਾਂਦਾ ਹੈ। ਉਨ੍ਹਾਂ ਸੰਗਤਾਂ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਦੀ ਵਧਾਈ ਦਿੱਤੀ ਅਤੇ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਪੇ?ਰਨਾ ਵੀ ਕੀਤੀ। ਇਸੇ ਦੌਰਾਨ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਤੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਚਕਾਰ ਸਥਿਤ ਗੁਰੂ ਕੇ ਬਾਗ ਵਿੱਖੇ ਵਾਤਾਵਰਣ ਦੀ ਸਾਂਭ-ਸੰਭਾਲ ਦੇ ਸੁਨੇਹੇ ਤਹਿਤ ਬੂਟੇ ਲਗਾ ਕੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਨਰਿੰਦਰ ਸਿੰਘ ਮਥਰੇਵਾਲ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਬਿਕਰਮਜੀਤ ਸਿੰਘ ਝੰਗੀ, ਸ. ਯੁਵਰਾਜ ਸਿੰਘ, ਚੀਫ ਸ. ਜਗਦੀਸ਼ ਸਿੰਘ ਬੁੱਟਰ, ਸ. ਗੁਰਪ੍ਰਤਾਪ ਸਿੰਘ ਆਦਿ ਮੌਜੂਦ ਸਨ।

# ਬੀਬਾ ਨਿਸ਼ਾਤ ਅਖਤਰ ਦੀ ਅਗਵਾਈ 'ਚ ਵਿਧਾਇਕ ਜਮੀਲੂ ਰਹਿਮਾਨ ਦੇ ਦਫਤਰ ਅੱਗੇ ਕਾਂਗਰਸ ਵੱਲੋਂ ਰੋਸ ਧਰਨਾ

**ਆਜ਼ਾਦ ਸੋਚ**
**ਕੁਲਵੰਤ ਸਿੰਘ ਮੁਹਾਲੀ**
**ਮਾਲੇਰਕੋਟਲਾ, 17 ਮਾਰਚ**

========================



ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਪਿਛਲੀ ਵਿਧਾਨ ਸਭਾ ਚੋਣ ਮੌਕੇ ਔਰਤਾਂ ਨੂੰ ਇੱਕ ਹਜ਼ਾਰ ਰੁ.ਪ੍ਰਤੀ ਮਹੀਨਾ ਦੇਣ ਦੀ ਦਿੱਤੀ ਗਾਰੰਟੀ ਮੁਤਾਬਿਕ ਪਿਛਲੇ ਚਾਰ ਸਾਲਾਂ ਦੇ ਬਕਾਏ ਕਰੀਬ 48 ਹਜ਼ਾਰ ਰੁ ਦੀ ਮੰਗ ਕਰਦਿਆਂ ਅੱਜ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਵੱਡੀ ਗਿਣਤੀ ਕਾਂਗਰਸੀ ਵਰਕਰਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਬੀਬਾ ਨਿਸ਼ਾਤ ਅਖਤਰ ਦੀ ਅਗਵਾਈ ਵਿੱਚ ਮਾਲੇਰਕੋਟਲਾ ਦੇ ਮੌਜੂਦਾ ਵਿਧਾਇਕ ਡਾ.ਜਮੀਲ ਉਰ ਰਹਿਮਾਨ ਦੇ ਦਫਤਰ ਸਾਹਮਣੇ ਰੋਸ਼ ਪ੍ਰਦਰਸ਼ਨ ਕੀਤਾ ਗਿਆ।ਧਰਨੇ ਦੌਰਾਨ ਵੱਡੀ ਗਿਣਤੀ ਮਹਿਲਾਵਾਂ ਸਮੇਤ ਹਲਕੇ ਭਰ ਤੋਂ ਇਕੱਠੇ ਹੋਏ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਬੀਬਾ ਨਿਸ਼ਾਤ ਅਖਤਰ ਨੇ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਉਪਰ ਗਰੰਟੀਆਂ ਦੇ ਨਾਂ ਹੇਠ ਲੋਕਾਂ ਨਾਲ ਠੱਗੀ ਮਾਰਨ ਦੇ ਦੋਸ਼ ਲਾਏ।

ਉਨ੍ਹਾਂ ਕਿਹਾ ਕਿ ਚੋਣਾਂ ਨੇੜੇ ਆਈਆਂ ਵੇਖ ਕੇ ਸਰਕਾਰ ਨੇ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਐਲਾਨ ਕਰਕੇ ਸਿਰਫ਼ ਸਿਆਸੀ ਡਰਾਮਾ ਕੀਤਾ ਹੈ ਜਦਕਿ ਚਾਰ ਸਾਲ ਔਰਤਾਂ ਨੂੰ ਚੁਟਕਲੇ ਸੁਣਾ ਕੇ ਹੀ ਲੰਘਾ ਦਿੱਤੇ ਗਏ। ਉਨ੍ਹਾਂ ਮਾਲੇਰਕੋਟਲਾ ਹਲਕੇ ਅੰਦਰ ਫੈਲੇ ਭ੍ਰਿਸ਼ਟਾਚਾਰ, ਨਸ਼ਿਆਂ ਦੇ ਕਾਲੇ ਕਾਰੋਬਾਰ ਅਤੇ ਬਦਅਮਨੀ ਲਈ ਆਦਮੀ ਪਾਰਟੀ ਦੇ ਵਿਧਾਇਕ ਨੂੰ ਮੁੱਖ ਜ਼ਿੰਮੇਵਾਰ ਦਸਦਿਆਂ ਕਿਹਾ ਕਿ ਅਗਲੇ ਸਾਲ ਕਾਂਗਰਸ ਦੀ ਸਰਕਾਰ ਬਣਨ 'ਤੇ ਆਮ ਲੋਕਾਂ ਦੀ ਲੁੱਟ ਕਰਨ ਵਾਲਿਆਂ ਦੀ ਜਾਂਚ ਕਰਕੇ ਸੀਖਾਂ ਪਿੱਛੇ ਬੰਦ ਕੀਤਾ ਜਾਵੇਗਾ।ਮਾਲੇਰਕੋਟਲਾ ਨੂੰ ਜ਼ਿਲ੍ਹਾ ਬਨਾਉਣ, ਮੈਡੀਕਲ ਕਾਲਜ ਦੀ ਪਰਵਾਨਗੀ, ਸਰਕਾਰੀ ਕੰਨਿਆਂ ਸਕੂਲ, ਸਰਕਾਰੀ ਗਰਲਜ਼ ਕਾਲਜ ਅਤੇ ਹਲਕੇ ਦੀਆਂ ਸ਼ਾਨਦਾਰ ਸੜਕਾਂ ਵਰਗੇ ਵਿਕਾਸ ਪ੍ਰੋਜੈਕਟਾਂ ਨੂੰ ਸਾਬਕਾ ਮੰਤਰੀ ਮੈਡਮ ਰਜ਼ੀਆ ਸੁਲਤਾਨਾ ਦੀ ਦੂਰ ਅੰਦੇਸ਼ ਵਿਕਾਸ਼ ਮੁੱਖੀ ਸੋਚ ਦਾ ਮਾਣਮੱਤਾ ਇਤਹਾਸ ਦਸਦਿਆਂ ਬੀਬਾ ਨਿਸ਼ਾਤ ਨੇ ਕਿਹਾ ਕਿ ਆਪ ਵਾਲਿਆਂ ਦੀ ਸਰਕਾਰ ਨੇ ਮੈਡੀਕਲ ਕਾਲਜ ਲਈ ਡੱਕਾ ਦੂਹਰਾ ਨਹੀਂ ਕੀਤਾ ਅਤੇ ਕਾਲਜ ਲਈ ਨਵੀਂ ਜ਼ਮੀਨ ਵੀ ਮੁਸਲਮਾਨਾਂ ਦੇ ਦੀਨੀ ਅਦਾਰੇ ਪੰਜਾਬ ਵਕਫ ਬੋਰਡ ਦੇ ਫੰਡਾਂ ਨਾਲ ਖਰੀਦ ਕੇ ਪੰਜਾਬ ਸਰਕਾਰ ਨੇ ਆਪਣੇ ਨਾਂ ਰਜਿਸਟਰਡ ਕਰਵਾ ਲਈ ਹੈ। ਉਨ੍ਹਾਂ ਵਕਫ ਬੋਰਡ ਅਧਿਕਾਰੀਆਂ ਨੂੰ ਸੁਚੇਤ ਕੀਤਾ ਕਿ ਕਾਂਗਰਸ ਸਰਕਾਰ ਬਣਨ 'ਤੇ ਬੋਰਡ ਅੰਦਰ ਫੈਲੇ ਭ੍ਰਿਸ਼ਟਾਚਾਰ ਦੀ ਵੀ ਜਾਂਚ ਕਰਵਾਈ ਜਾਵੇਗੀ। ਬੀਬਾ ਨਿਸ਼ਾਤ ਅਖ਼ਤਰ ਨੇ ਇਹ ਵੀ ਕਿਹਾ ਕਿ ਮਾਲੇਰਕੋਟਲਾ ਦਾ ਪ੍ਰਸ਼ਾਸ਼ਨ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕਿਆ ਹੈ ਕਿਉਂਕਿ ਪਵਿੱਤਰ ਰਮਜ਼ਾਨ ਦਾ ਮਹੀਨਾ ਹੋਣ ਦੇ ਬਾਵਜੂਦ ਸ਼ਹਿਰ ਅੰਦਰ ਗੰਦਗੀ ਫੈਲੀ ਲਈ ਹੈ, ਜਗ?ਹਾ ਜਗ?ਹਾ ਗੰਦਗੀ ਢੇਰ ਬੀਮਾਰੀਆਂ ਨੂੰ ਸੱਦਾ ਦੇ ਰਹੇ ਹਨ ਪ੍ਰੰਤੂ ਏਥੇ ਦੇ ਪ੍ਰਸ਼ਾਸ਼ਨ ਅਤੇ ਵਿਧਾਇਕ ਦੇ ਕੰਨਾਂ ਤੇ ਜੂੰ ਨਹੀਂ ਸਰਕਦੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਝੁਨੇਰ, ਬਾਬੂ ਸੁਭਾਸ਼ ਚੰਦਰ ਸਿੰਗਲਾ, ਬਲਾਕ ਪ੍ਰਧਾਨ ਅਕਰਮ ਲਿਬੜਾ, ਮੁਹੰਮਦ ਅਨਵਾਰ ਮਹਿਬੂਬ, ਸਾਬਕਾ ਸਰਪੰਚ ਮੇਜਰ ਸਿੰਘ ਬੁਰਜ, ਸਾਬਕਾ ਚੇਅਰਮੈਨ ਕਰਮਜੀਤ ਸਿੰਘ ਭੂਦਨ, ਕਾ.ਸੁਲੇਮਾਨ ਜੋਸ਼, ਅਜ਼ਾਦਾਰ ਹੁਸੈਨ, ਅਤੇ ਮਾ.ਮੇਲਾ ਸਿੰਘ ਆਦਿ ਕਾਂਗਰਸੀ ਨੇਤਾਵਾਂ ਨੇ ਵੀ ਸੰਬੋਧਨ ਕੀਤਾ।

## ਸੰਪਾਦਕੀ

## ਆਜ਼ਾਦ ਸੋਚ

# ਪੰਜਾਬ 'ਚ ਕੁੱਤਿਆਂ ਦਾ ਖ਼ੌਫ਼

ਪੰਜਾਬ ਵਿਚ ਅਵਾਰਾ ਕੁੱਤਿਆਂ ਦੇ ਕੱਟਣ ਦਾ ਖ਼ੌਫ਼ ਦਿਨ-ਬ-ਦਿਨ ਵਧ ਰਿਹਾ ਹੈ। ਸੂਬੇ ਅੰਦਰ ਸਾਲ 2025 ਦੌਰਾਨ ਅਵਾਰਾ ਕੁੱਤਿਆਂ ਨੇ 3.34 ਲੱਖ ਲੋਕਾਂ ਨੂੰ ਵੱਢਿਆ ਸੀ। ਚਾਲੂ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਅਵਾਰਾ ਕੁੱਤਿਆਂ ਵੱਲੋਂ ਪੰਜਾਹ ਤੋਂ ਵੱਧ ਲੋਕਾਂ ਨੂੰ ਕੱਟਣ ਦੀਆਂ ਸ਼ਿਕਾਇਤਾਂ ਮਿਲੀਆਂ ਹਨ।

ਇਹ ਉਹ ਗਿਣਤੀ ਹੈ ਜਿਹੜੇ ਕੇਸ ਸਿਹਤ ਵਿਭਾਗ ਕੋਲ ਪੁੱਜੇ ਹਨ। ਪੰਜਾਬ ਵਿਧਾਨ ਸਭਾ ਵਿਚ ਤਾਂ ਅਵਾਰਾ ਕੁੱਤਿਆਂ ਦੇ ਕੱਟਣ ਨੂੰ ਲੈ ਕੇ ਚਰਚਾ ਹੁੰਦੀ ਰਹੀ ਹੈ ਤੇ ਹੁਣ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਲੋਕ ਸਭਾ ਵਿਚ ਵੀ ਇਹ ਮਾਮਲਾ ਉਠਾਇਆ ਹੈ। ਪਿਛਲੇ ਦਿਨਾਂ ਦੌਰਾਨ ਅਵਾਰਾ ਕੁੱਤਿਆਂ ਵੱਲੋਂ ਦੋ ਮਾਸੂਮ ਬੱਚਿਆਂ ਨੂੰ ਨੋਚ-ਨੋਚ ਕੇ ਖਾ ਜਾਣ ਤੋਂ ਬਾਅਦ ਆਮ ਲੋਕਾਂ ਵਿਚ ਡਰ ਹੋਰ ਵੀ ਵੱਧ ਗਿਆ ਹੈ।

ਸੰਗਰੂਰ, ਪਟਿਆਲਾ, ਲੁਧਿਆਣਾ ਅਤੇ ਜਲੰਧਰ ਵਿਚ ਹਰ ਰੋਜ਼ ਕੁੱਤਿਆਂ ਦੇ ਕੱਟਣ ਦੀਆਂ ਸੈਂਕੜੇ ਸ਼ਿਕਾਇਤਾਂ ਸਾਹਮਣੇ ਆ ਰਹੀਆਂ ਹਨ। ਅਵਾਰਾ ਕੁੱਤਿਆਂ ਦੀ ਦਹਿਸ਼ਤ ਐਨੀ ਹੈ ਕਿ ਕਈ ਪਰਿਵਾਰ ਆਪਣੇ ਛੋਟੇ ਬੱਚਿਆਂ ਤੇ ਬਜ਼ੁਰਗਾਂ ਨੂੰ ਇਕੱਲੇ ਬਾਹਰ ਭੇਜਣ ਤੋਂ ਹਟਣ ਲੱਗੇ ਹਨ। ਸਰਕਾਰੀ ਅੰਕੜਿਆਂ ਅਨੁਸਾਰ 2015 ਵਿਚ ਅਵਾਰਾ ਕੁੱਤਿਆਂ ਵੱਲੋਂ ਕੱਟਣ ਦੀਆਂ 22 ਹਜ਼ਾਰ ਸ਼ਿਕਾਇਤਾਂ ਸਾਹਮਣੇ ਆਈਆਂ ਸਨ। ਇਸ ਤੋਂ ਅਗਲੇ ਸਾਲ ਇਹ ਗਿਣਤੀ 37 ਹਜ਼ਾਰ ਨੂੰ ਪੁੱਜ ਗਈ ਸੀ।

ਸੰਨ 2017 ਦੌਰਾਨ ਕੁੱਤਿਆਂ ਦੇ ਕੱਟਣ ਦੀਆਂ 54 ਸ਼ਿਕਾਇਤਾਂ ਸਾਹਮਣੇ ਆਈਆਂ। ਉਸ ਤੋਂ ਅਗਲੇ ਸਾਲ ਦੇ ਕੱਟਣ ਦੀਆਂ ਸ਼ਿਕਾਇਤਾਂ ਵਿਚ ਵੱਡਾ ਉਛਾਲ ਆਇਆ ਅਤੇ ਗਿਣਤੀ ਇਕਦਮ ਲੱਖ ਨੂੰ ਪਾਰ ਕਰ ਗਈ। ਸਾਲ 2020 'ਚ ਕੁੱਤਿਆਂ ਦੇ ਕੱਟਣ ਦੀਆਂ ਇਕ ਲੱਖ, 10 ਹਜ਼ਾਰ 472 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਉਸ ਤੋਂ ਇਕ ਸਾਲ ਬਾਅਦ ਇਹ ਗਿਣਤੀ ਇਕ ਲੱਖ 26 ਹਜ਼ਾਰ 842 ਨੂੰ ਪੁੱਜ ਗਈ।

ਸਾਲ 2022 ਨੂੰ ਇਕ ਲੱਖ 65 ਹਜ਼ਾਰ 133 ਸ਼ਿਕਾਇਤਾਂ ਪ੍ਰਾਪਤ ਹੋਈਆਂ। ਅਵਾਰਾ ਕੁੱਤਿਆਂ ਦੇ ਕੱਟਣ ਦੀ ਗਿਣਤੀ ਵਿਚ ਵੱਡਾ ਵਾਧਾ ਸਾਲ 2023 ਨੂੰ ਹੋਇਆ ਤੇ ਇਹ ਗਿਣਤੀ ਦੋ ਲੱਖ ਪਾਰ ਕਰ ਗਈ ਸੀ। ਸੰਨ 2024 ਵਿਚ 2 ਲੱਖ 13 ਹਜ਼ਾਰ 524 ਕੁੱਤਿਆਂ ਦੇ ਕੱਟਣ ਦੇ ਮਾਮਲੇ ਸਾਹਮਣੇ ਆਏ। ਪਿਛਲੇ ਸਾਲ ਇਹ ਗਿਣਤੀ 3 ਲੱਖ 4 ਹਜ਼ਾਰ 780 ਨੂੰ ਪੁੱਜ ਗਈ ਸੀ। ਇਕ ਹੋਰ ਜਾਣਕਾਰੀ ਅਨੁਸਾਰ ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ ਵੀ ਕੁੱਤਿਆਂ ਦੇ ਲੋਕਾਂ ਨੂੰ ਕੱਟਣ ਦੀਆਂ ਆ ਰਹੀਆਂ ਸ਼ਿਕਾਇਤਾਂ ਦਾ ਗੰਭੀਰ ਨੋਟਿਸ ਲਿਆ ਗਿਆ ਸੀ ਪਰ ਐਨੀਮਲ ਵੈੱਲਫੇਅਰ ਸੰਸਥਾਵਾਂ ਨੇ ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਹੀ ਵੱਡਾ ਅੜਿੱਕਾ ਡਾਹ ਦਿੱਤਾ ਸੀ।

ਕਾਨੂੰਨੀ ਪੱਖ ਦੇਖੀਏ ਤਾਂ ਅਵਾਰਾ ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਲਈ ਪ੍ਰਸ਼ਾਸਨ ਤੇ ਨਗਰ ਨਿਗਮਾਂ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਪਾਲਤੂ ਕੁੱਤਾ ਕਿਸੇ ਨੂੰ ਕੱਟਦਾ ਹੈ ਤਾਂ ਉਸ ਦਾ ਮਾਲਕ ਦੋਸ਼ੀ ਹੋਵੇਗਾ।




# ਭਾਰਤ ਵਿੱਚ ਹਸਪਤਾਲਾਂ ਵਿੱਚ ਅੱਗ ਲੱਗਣ ਦੀਆਂ ਵਧਦੀਆਂ ਘਟਨਾਵਾਂ-ਹਸਪਤਾਲ ਸੁਰੱਖਿਆ, ਫਾਇਰ ਆਡਿਟ, ਅਤੇ ਪ੍ਰਸ਼ਾਸਕੀ ਜਵਾਬਦੇਹੀ ਨੂੰ ਸਭ ਤੋਂ ਵੱਧ ਤਰਜੀਹ ਦੀ ਲੋੜ ਹੈ - ਵਿਆਪਕ ਵਿਸ਼ਲੇਸ਼ਣ

**ਹਸਪਤਾਲ ਪ੍ਰਬੰਧਨ, ਠੇਕੇਦਾਰ, ਬਿਜਲੀ ਵਿਭਾਗ, ਅਤੇ ਪ੍ਰਸ਼ਾਸਕੀ ਅਧਿਕਾਰੀ ਇੱਕ ਹਸਪਤਾਲ ਵਿੱਚ ਬਾਅਦ ਦੇ ਮਾਮਲਿਆਂ ਲਈ ਸਾਂਝੇ ਤੌਰ 'ਤੇ ਜ਼ਿੰਮੇਵਾਰ ਹਨ - ਪਰ ਅੰਤਿਮ ਸਜ਼ਾ ਇੰਨੀ ਘੱਟ ਕਿਉਂ ਹੈ? - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ**

ਗੋਂਡੀਆ - 16 ਮਾਰਚ, 2026 ਨੂੰ ਸੋਮਵਾਰ, ਸਵੇਰੇ ਤੜਕੇ ਓਡੀਸ਼ਾ ਦੇ ਕਟਕ ਵਿੱਚ ਸ਼੍ਰੀਰਾਮ ਚੰਦਰ ਭਾਂਜਾ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਲੱਗੀ ਭਿਆਨਕ ਅੱਗ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ। ਇਸ ਘਟਨਾ ਨੇ ਇੱਕ ਵਾਰ ਫਿਰ ਦੇਸ਼ ਵਿੱਚ ਹਸਪਤਾਲਾਂ ਦੀ ਸੁਰੱਖਿਆ, ਫਾਇਰ ਆਡਿਟ ਅਤੇ ਪ੍ਰਸ਼ਾਸਕੀ ਜਵਾਬਦੇਹੀ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਕੀ ਹਸਪਤਾਲ ਇਲਾਜ ਦੇ ਕੇਂਦਰ ਹਨ ਜਾਂ ਜੋਖਮ ਵਾਲੇ ਸਥਾਨ? ਹਸਪਤਾਲਾਂ ਨੂੰ ਸਮਾਜ ਲਈ ਜੀਵਨ ਬਚਾਉਣ ਵਾਲੀਆਂ ਸੰਸਥਾਵਾਂ ਮੰਨਿਆ ਜਾਂਦਾ ਹੈ। ਹਰ ਸੈਲਾਨੀ ਇੱਕ ਸੁਰੱਖਿਅਤ ਵਾਤਾਵਰਣ ਵਿੱਚ ਇਲਾਜ ਪ੍ਰਾਪਤ ਕਰਨ ਦੀ ਉਮੀਦ ਕਰਦਾ ਹੈ। ਪਰ ਜਦੋਂ ਇਹੀ ਹਸਪਤਾਲ ਅੱਗ ਹਾਦਸਿਆਂ ਕਾਰਨ ਹੌਟਸਪੌਟ ਬਣ ਜਾਂਦੇ ਹਨ, ਤਾਂ ਇਹ ਪੂਰੇ ਸਿਹਤ ਸੰਭਾਲ ਪ੍ਰਣਾਲੀ ਲਈ ਇੱਕ ਗੰਭੀਰ ਚਿੰਤਾ ਬਣ ਜਾਂਦਾ ਹੈ। ਪਿਛਲੇ ਦਹਾਕੇ ਦੌਰਾਨ ਭਾਰਤ ਵਿੱਚ ਹਸਪਤਾਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹੀਆਂ ਹਨ। ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਇਨ੍ਹਾਂ ਘਟਨਾਵਾਂ ਵਿੱਚ ਸੈਂਕੜੇ ਮਰੀਜ਼ਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ। ਜ਼ਿਆਦਾਤਰ ਮਾਮਲਿਆਂ ਵਿੱਚ, ਜਾਂਚ ਕੀਤੀ ਜਾਂਦੀ ਹੈ ਅਤੇ ਕੁਝ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਜਾਂਦਾ ਹੈ, ਪਰ ਬਹੁਤ ਘੱਟ ਮਾਮਲਿਆਂ ਵਿੱਚ ਅੰਤਿਮ ਸਜ਼ਾ ਦਿੱਤੀ ਜਾਂਦੀ ਹੈ। ਇਸ ਲਈ ਇਹ ਸਮੱਸਿਆ ਦੁਬਾਰਾ ਆਉਂਦੀ ਹੈ। ਹਸਪਤਾਲਾਂ ਵਿੱਚ ਅੱਗ ਲੱਗਣ ਤੋਂ ਬਾਅਦ ਅਕਸਰ ਜਾਂਚ ਕਮੇਟੀਆਂ ਬਣਾਈਆਂ ਜਾਂਦੀਆਂ ਹਨ। ਕਈ ਵਾਰ, ਹਸਪਤਾਲ ਪ੍ਰਬੰਧਨ ਅਤੇ ਅਧਿਕਾਰੀਆਂ ਨੂੰ ਵੀ ਮੁਅੱਤਲ ਕਰ ਦਿੱਤਾ ਜਾਂਦਾ ਹੈ। ਹਾਲਾਂਕਿ, ਅੰਤਿਮ ਸਜ਼ਾ ਅਤੇ ਸਜ਼ਾ ਬਹੁਤ ਘੱਟ ਹੁੰਦੀ ਹੈ। ਉਦਾਹਰਣ ਵਜੋਂ, AMRI ਹਸਪਤਾਲ ਮਾਮਲੇ ਵਿੱਚ, ਡਾਇਰੈਕਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਭਾਰਤੀ ਦੰਡ ਸੰਹਿਤਾ ਦੀ ਧਾਰਾ 304 ਦੇ ਤਹਿਤ ਦੋਸ਼ ਲਗਾਏ ਗਏ ਸਨ, ਪਰ ਲੰਬੇ ਸਮੇਂ ਬਾਅਦ, ਬਹੁਤ ਸਾਰੇ ਦੋਸ਼ੀਆਂ ਨੂੰ ਜ਼ਮਾਨਤ ਦੇ ਦਿੱਤੀ ਗਈ ਸੀ। ਹਸਪਤਾਲ ਅੱਗ ਹਾਦਸਿਆਂ ਵਿੱਚ ਸਜ਼ਾਵਾਂ ਦੀ ਘੱਟ ਗਿਣਤੀ ਦਾ ਇੱਕ ਵੱਡਾ ਕਾਰਨ ਕਾਨੂੰਨੀ ਪ੍ਰਕਿਰਿਆ ਦੀ ਗੁੰਝਲਤਾ ਹੈ। ਇਹ ਸਾਬਤ ਕਰਨਾ ਅਕਸਰ ਮੁਸ਼ਕਲ ਹੁੰਦਾ ਹੈ ਕਿ ਹਾਦਸਾ ਸਿੱਧੇ ਤੌਰ 'ਤੇ ਲਾਪਰਵਾਹੀ ਕਾਰਨ ਹੋਇਆ ਸੀ। ਬਹੁਤ ਸਾਰੇ ਮਾਮਲਿਆਂ ਵਿੱਚ, ਹਸਪਤਾਲ ਪ੍ਰਬੰਧਨ, ਠੇਕੇਦਾਰ, ਬਿਜਲੀ ਵਿਭਾਗ ਅਤੇ ਪ੍ਰਸ਼ਾਸਨਿਕ ਅਧਿਕਾਰੀ ਸਾਂਝੇ ਤੌਰ 'ਤੇ ਜ਼ਿੰਮੇਵਾਰੀ ਲੈਂਦੇ ਹਨ, ਜਿਸ ਨਾਲ ਜ਼ਿੰਮੇਵਾਰੀ ਨਿਰਧਾਰਤ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸ ਤੋਂ ਇਲਾਵਾ, ਸਬੂਤਾਂ ਦੀ ਘਾਟ ਇੱਕ ਮਹੱਤਵਪੂਰਨ ਸਮੱਸਿਆ ਹੈ। ਅੱਗ ਲੱਗਣ ਤੋਂ ਬਾਅਦ ਬਹੁਤ ਸਾਰੇ ਮਹੱਤਵਪੂਰਨ ਦਸਤਾਵੇਜ਼ ਅਤੇ ਤਕਨੀਕੀ ਸਬੂਤ ਨਸ਼ਟ ਹੋ ਜਾਂਦੇ ਹਨ, ਜਿਸ ਨਾਲ ਜਾਂਚ ਕਮਜ਼ੋਰ ਹੋ ਜਾਂਦੀ ਹੈ। ਸਵੇਰੇ ਲਗਭਗ 3:00 ਵਜੇ, ਹਸਪਤਾਲ ਦੀ ਪਹਿਲੀ ਮੰਜ਼ਿਲ 'ਤੇ ਟਰੌਮਾ ਕੇਅਰ ਆਈਸੀਯੂ ਵਿੱਚ ਅਚਾਨਕ ਅੱਗ ਲੱਗ ਗਈ। ਉਸ ਸਮੇਂ ਉੱਥੇ ਲਗਭਗ 23 ਮਰੀਜ਼ ਦਾਖਲ ਸਨ। ਅੱਗ ਇੰਨੀ ਤੇਜ਼ੀ ਨਾਲ ਫੈਲ ਗਈ ਕਿ ਹਸਪਤਾਲ ਵਿੱਚ ਦਹਿਸ਼ਤ ਫੈਲ ਗਈ। ਹਸਪਤਾਲ ਪ੍ਰਸ਼ਾਸਨ ਅਤੇ ਸਟਾਫ ਨੇ ਮਰੀਜ਼ਾਂ ਨੂੰ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਉਦੋਂ ਤੱਕ ਬਹੁਤ ਸਾਰੇ ਗੰਭੀਰ ਝੁਲਸ ਚੁੱਕੇ ਸਨ। ਇਸ ਦੁਖਦਾਈ ਹਾਦਸੇ ਵਿੱਚ ਦਸ ਮਰੀਜ਼ਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚੋਂ ਸੱਤ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰਾਂ ਦੀ ਇਲਾਜ ਦੌਰਾਨ ਮੌਤ ਹੋ ਗਈ। ਬਚਾਅ ਕਾਰਜ ਦੌਰਾਨ ਘੱਟੋ-ਘੱਟ 11 ਹਸਪਤਾਲ ਸਟਾਫ ਵੀ ਝੁਲਸ ਗਿਆ। ਮੁੱਢਲੀ ਜਾਂਚ ਅੱਗ ਦੇ ਕਾਰਨ ਸ਼ਾਰਟ ਸਰਕਟ ਨੂੰ ਦਰਸਾਉਂਦੀ ਹੈ, ਹਾਲਾਂਕਿ ਅਸਲ ਕਾਰਨ ਵਿਸਤ੍ਰਿਤ ਜਾਂਚ ਤੋਂ ਬਾਅਦ ਹੀ ਸਪੱਸ਼ਟ ਹੋਵੇਗਾ।

ਦੋਸਤੋ ਸਾਥੀ ਅੱਗ ਮਾਹਿਰ, ਜੇਕਰ ਅਸੀਂ ਹਸਪਤਾਲਾਂ ਵਿੱਚ ਅੱਗ ਲੱਗਣ ਦੇ ਮੁੱਖ ਕਾਰਨਾਂ 'ਤੇ ਵਿਚਾਰ ਕਰੀਏ, ਤਾਂ ਵਿਸ਼ਲੇਸ਼ਕ ਅਤੇ ਅੱਗ ਸੁਰੱਖਿਆ ਮਾਹਿਰ ਮੰਨਦੇ ਹਨ ਕਿ ਕਈ ਵੱਡੇ ਕਾਰਨ ਹਨ। ਸ਼ਾਰਟ ਸਰਕਟ ਅਤੇ ਖਰਾਬ ਬਿਜਲੀ ਪ੍ਰਣਾਲੀਆਂ ਸਭ ਤੋਂ ਆਮ ਹਨ। ਬਹੁਤ ਸਾਰੇ ਹਸਪਤਾਲਾਂ ਵਿੱਚ ਪੁਰਾਣੀਆਂ ਤਾਰਾਂ ਹੁੰਦੀਆਂ ਹਨ, ਜੋ ਬਹੁਤ ਜ਼ਿਆਦਾ ਬਿਜਲੀ ਦੇ ਭਾਰ ਕਾਰਨ ਜ਼ਿਆਦਾ ਗਰਮ ਹੋ ਸਕਦੀਆਂ ਹਨ ਅਤੇ ਅੱਗ ਫੜ ਸਕਦੀਆਂ ਹਨ। ਇਸ ਤੋਂ ਇਲਾਵਾ, ਆਈਸੀਯੂ ਅਤੇ ਹੋਰ ਵਾਰਡਾਂ ਵਿੱਚ ਵਰਤੇ ਜਾਣ ਵਾਲੇ ਇਲੈਕਟ ?ਾਨਿਕ ਉਪਕਰਣ ਵੀ ਬਹੁਤ ਜ਼ਿਆਦਾ ਗਰਮੀ ਪੈਦਾ ਕਰਦੇ ਹਨ। ਇੱਕ ਹੋਰ ਵੱਡਾ ਕਾਰਨ ਆਕਸੀਜਨ ਸਿਲੰਡਰਾਂ ਦੀ ਜ਼ਿਆਦਾ ਸਪਲਾਈ ਹੈ। ਇਹ ਸਮੱਸਿਆ ਕੋਵਿਡ-19 ਮਹਾਂਮਾਰੀ ਦੌਰਾਨ ਹੋਰ ਵੀ ਸਪੱਸ਼ਟ ਹੋ ਗਈ। ਆਕਸੀਜਨ ਬਹੁਤ ਜ਼ਿਆਦਾ ਜਲਣਸ਼ੀਲ ਵਾਤਾਵਰਣ ਪੈਦਾ ਕਰਦੀ ਹੈ, ਇਸ ਲਈ ਇੱਕ ਛੋਟੀ ਜਿਹੀ ਚੰਗਿਆੜੀ ਵੀ ਇੱਕ ਵੱਡਾ ਧਮਾਕਾ ਕਰ ਸਕਦੀ ਹੈ। ਤੀਜਾ ਕਾਰਨ ਅੱਗ ਦੇ ਐਨਓਸੀ ਦੀ ਘਾਟ ਜਾਂ ਨਵੀਨੀਕਰਨ ਨਾ ਹੋਣਾ ਹੈ। ਬਹੁਤ ਸਾਰੇ ਹਸਪਤਾਲ ਸਹੀ ਅੱਗ ਸੁਰੱਖਿਆ ਪ੍ਰਮਾਣੀਕਰਣ ਤੋਂ ਬਿਨਾਂ ਕੰਮ ਕਰਦੇ ਰਹਿੰਦੇ ਹਨ। ਚੌਥਾ ਕਾਰਨ ਐਮਰਜੈਂਸੀ ਨਿਕਾਸ ਦੀ ਘਾਟ ਹੈ। ਬਹੁਤ ਸਾਰੇ ਹਸਪਤਾਲਾਂ ਵਿੱਚ, ਨਿਕਾਸ ਜਾਂ ਤਾਂ ਬੰਦ ਹਨ ਜਾਂ ਗੈਰ-ਕਾਨੂੰਨੀ ਤੌਰ 'ਤੇ ਬਣਾਏ ਗਏ ਹਨ। ਇਸ ਤੋਂ ਇਲਾਵਾ, ਗੈਰ-ਕਾਨੂੰਨੀ ਉਸਾਰੀ, ਮਾੜੀ ਇਮਾਰਤ ਡਿਜ਼ਾਈਨ, ਫਾਇਰ ਅਲਾਰਮ ਅਤੇ ਸਪ੍ਰਿੰਕਲਰ ਸਿਸਟਮ ਦੀ ਘਾਟ, ਅਤੇ ਸਟਾਫ ਲਈ ਅੱਗ ਸੁਰੱਖਿਆ ਸਿਖਲਾਈ ਦੀ ਘਾਟ ਵੀ ਵੱਡੀਆਂ ਸਮੱਸਿਆਵਾਂ ਹਨ।




ਦੋਸਤੋ, ਆਓ ਚਰਚਾ ਕਰੀਏ ਕਿ ਸਭ ਤੋਂ ਵੱਡਾ ਜੋਖਮ ਆਈਸੀਯੂ ਅਤੇ ਨਵਜੰਮੇ ਵਾਰਡਾਂ ਵਿੱਚ ਕਿਉਂ ਹੈ ਹਸਪਤਾਲਾਂ ਵਿੱਚ ਜ਼ਿਆਦਾਤਰ ਮੌਤਾਂ ਆਈਸੀਯੂ ਅਤੇ ਨਵਜੰਮੇ ਵਾਰਡਾਂ ਵਿੱਚ ਹੁੰਦੀਆਂ ਹਨ। ਇਸਦੇ ਕਈ ਕਾਰਨ ਹਨ। ਆਈਸੀਯੂ ਵਿੱਚ ਦਾਖਲ ਮਰੀਜ਼ ਅਕਸਰ ਗੰਭੀਰ ਹਾਲਤ ਵਿੱਚ ਹੁੰਦੇ ਹਨ ਅਤੇ ਆਪਣੇ ਆਪ ਜਾਣ ਵਿੱਚ ਅਸਮਰੱਥ ਹੁੰਦੇ ਹਨ। ਇਸ ਲਈ, ਅੱਗ ਲੱਗਣ ਦੀ ਸਥਿਤੀ ਵਿੱਚ, ਉਨ੍ਹਾਂ ਨੂੰ ਤੁਰੰਤ ਕੱਢਣਾ ਮੁਸ਼ਕਲ ਹੋ ਜਾਂਦਾ ਹੈ। ਇੱਕ ਹੋਰ ਕਾਰਨ ਇਹ ਹੈ ਕਿ ਆਈਸੀਯੂ ਵਿੱਚ ਆਕਸੀਜਨ ਸਿਲੰਡਰਾਂ ਦੀ ਗਿਣਤੀ ਜ਼ਿਆਦਾ ਹੈ। ਤੀਜਾ ਕਾਰਨ ਇਹ ਹੈ ਕਿ ਵੱਖ-ਵੱਖ ਇਲੈਕਟ ?ਾਨਿਕ ਯੰਤਰ ਉੱਥੇ ਲਗਾਤਾਰ ਚੱਲ ਰਹੇ ਹਨ, ਜਿਸ ਨਾਲ ਸ਼ਾਰਟ ਸਰਕਟ ਦਾ ਖ਼ਤਰਾ ਵੱਧ ਜਾਂਦਾ ਹੈ। ਚੌਥਾ ਕਾਰਨ ਇਹ ਹੈ ਕਿ ਬੰਦ ਕਮਰਿਆਂ ਵਿੱਚ ਧੂੰਆਂ ਤੇਜ਼ੀ ਨਾਲ ਫੈਲਦਾ ਹੈ, ਜਿਸ ਨਾਲ ਦਮ ਘੁੱਟਣ ਦਾ ਖ਼ਤਰਾ ਵੱਧ ਜਾਂਦਾ ਹੈ ਦੋਸਤੋ, ਜੇਕਰ ਅਸੀਂ ਕਾਗਜ਼ੀ ਫਾਇਰ ਆਡਿਟ ਅਤੇ ਵੱਡੇ ਪੱਧਰ 'ਤੇ ਲਾਪਰਵਾਹੀ ਵਿੱਚ ਅੰਤਰ 'ਤੇ ਵਿਚਾਰ ਕਰੀਏ, ਤਾਂ ਮਾਹਿਰਾਂ ਦਾ ਕਹਿਣਾ ਹੈ ਕਿ ਹਸਪਤਾਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਰੁਕ ਨਹੀਂ ਰਹੀਆਂ ਕਿਉਂਕਿ ਫਾਇਰ ਆਡਿਟ ਅਕਸਰ ਕਾਗਜ਼ਾਂ ਤੱਕ ਹੀ ਸੀਮਤ ਰਹਿੰਦੇ ਹਨ। ਬਹੁਤ ਸਾਰੇ ਹਸਪਤਾਲ ਨਿਰੀਖਣ ਤੋਂ ਪਹਿਲਾਂ ਅਸਥਾਈ ਪ੍ਰਬੰਧ ਕਰਦੇ ਹਨ, ਅਤੇ ਨਿਰੀਖਣ ਤੋਂ ਬਾਅਦ ਲਾਪਰਵਾਹੀ ਦੁਬਾਰਾ ਸ਼ੁਰੂ ਹੋ ਜਾਂਦੀ ਹੈ। ਕਈ ਰਾਜਾਂ ਵਿੱਚ, ਫਾਇਰ ਵਿਭਾਗ ਕੋਲ ਨਿਰੀਖਣ ਲਈ ਲੋੜੀਂਦੇ ਸਟਾਫ ਦੀ ਘਾਟ ਹੁੰਦੀ ਹੈ। ਇਸ ਤੋਂ ਇਲਾਵਾ, ਜਦੋਂ ਕਿ ਹਸਪਤਾਲਾਂ ਵਿੱਚ ਸੁਰੱਖਿਆ ਉਪਕਰਣ ਲਗਾਏ ਜਾਂਦੇ ਹਨ, ਇਸਦੀ ਨਿਯਮਤ ਤੌਰ 'ਤੇ ਦੇਖਭਾਲ ਨਹੀਂ ਕੀਤੀ ਜਾਂਦੀ। ਅੱਗ ਅਲਾਰਮ ਸਿਸਟਮ ਫੇਲ੍ਹ ਹੋ ਜਾਂਦੇ ਹਨ, ਸਪ੍ਰਿੰਕਲਰ ਬੰਦ ਹੋ ਜਾਂਦੇ ਹਨ, ਅਤੇ ਅੱਗ ਬੁਝਾਉਣ ਵਾਲੇ ਯੰਤਰ ਨਿਯਮਤ ਤੌਰ 'ਤੇ ਨਿਰੀਖਣ ਨਹੀਂ ਕੀਤੇ ਜਾਂਦੇ ਹਨ।

ਦੋਸਤੋ, ਜੇਕਰ ਅਸੀਂ ਦੋਸ਼ੀਆਂ ਨੂੰ ਸਜ਼ਾ ਦੇਣ ਵਿੱਚ ਅਸਫਲਤਾ ਅਤੇ ਜ਼ਮਾਨਤ 'ਤੇ ਉਨ੍ਹਾਂ ਦੀ ਜਲਦੀ ਰਿਹਾਈ 'ਤੇ ਵਿਚਾਰ ਕਰੀਏ, ਤਾਂ ਇਹ ਉਹ ਥਾਂ ਹੈ ਜਿੱਥੇ ਭਾਰਤ ਦੇ ਪ੍ਰਸ਼ਾਸਨਿਕ ਪ੍ਰਣਾਲੀ ਦੀਆਂ ਕਮਜ਼ੋਰੀਆਂ ਦਾ ਪਰਦਾਫਾਸ਼ ਹੁੰਦਾ ਹੈ। ਜਦੋਂ ਜਵਾਬਦੇਹੀ ਠੀਕ ਨਹੀਂ ਕੀਤੀ ਜਾਂਦੀ, ਤਾਂ ਲਾਪਰਵਾਹੀ ਦੁਹਰਾਈ ਜਾਂਦੀ ਹੈ। ਭੰਡਾਰਾ ਮਹਾਰਾਸ਼ਟਰ ਹਸਪਤਾਲ ਅੱਗ ਮਾਮਲੇ ਵਿੱਚ, ਡਾਕਟਰਾਂ ਅਤੇ ਸਟਾਫ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ, ਅਤੇ ਤਕਨੀਕੀ ਸਟਾਫ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ। ਵਿਰਾਰ ਹਸਪਤਾਲ ਅੱਗ ਮਾਮਲੇ ਵਿੱਚ, ਹਸਪਤਾਲ ਦੇ ਮਾਲਕ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਸੀ, ਅਤੇ ਪ੍ਰਸ਼ਾਸਨਿਕ ਜਾਂਚ ਸ਼ੁਰੂ ਕੀਤੀ ਗਈ ਸੀ। ਦਿੱਲੀ ਨਵਜੰਮੇ ਹਸਪਤਾਲ ਮਾਮਲੇ ਵਿੱਚ, ਹਸਪਤਾਲ ਸੰਚਾਲਕ ਨੂੰ ਗੈਰ-ਕਾਨੂੰਨੀ ਲਾਇਸੈਂਸ ਹੋਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ। ਅਹਿਮਦਾਬਾਦ ਦੇ ਸ਼੍ਰੀ ਹਸਪਤਾਲ ਵਿੱਚ ਅੱਗ ਲੱਗਣ ਤੋਂ ਬਾਅਦ, ਹਸਪਤਾਲ ਨੂੰ ਸੀਲ ਕਰ ਦਿੱਤਾ ਗਿਆ ਸੀ ਅਤੇ ਪ੍ਰਬੰਧਨ ਵਿਰੁੱਧ ਕੇਸ ਦਰਜ ਕੀਤੇ ਗਏ ਸਨ। ਹਾਲਾਂਕਿ, ਇਹਨਾਂ ਵਿੱਚੋਂ ਜ਼ਿਆਦਾਤਰ ਮਾਮਲਿਆਂ ਵਿੱਚ, ਅੰਤਿਮ ਸਜ਼ਾ ਜਾਂ ਸਜ਼ਾ ਬਹੁਤ ਘੱਟ ਮਿਲੀ।

ਦੋਸਤੋ, ਜੇਕਰ ਅਸੀਂ ਭਾਰਤ ਦੇ ਸਭ ਤੋਂ ਵੱਡੇ ਹਸਪਤਾਲ ਅੱਗ - ਇੱਕ ਭਿਆਨਕ ਯਾਦ 'ਤੇ ਵਿਚਾਰ ਕਰੀਏ, ਤਾਂ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਹਸਪਤਾਲ ਅੱਗ 2011 ਵਿੱਚ ਕੋਲਕਾਤਾ ਦੇ AMRI ਹਸਪਤਾਲ ਵਿੱਚ ਲੱਗੀ ਸੀ। ਇਸ ਹਾਦਸੇ ਵਿੱਚ 89 ਤੋਂ 93 ਲੋਕਾਂ ਦੀ ਜਾਨ ਚਲੀ ਗਈ। ਜ਼ਿਆਦਾਤਰ ਮਰੀਜ਼ਾਂ ਦੀ ਮੌਤ ਧੂੰਏਂ ਦੇ ਦਮ ਘੁੱਟਣ ਕਾਰਨ ਹੋਈ। ਇੱਕ ਜਾਂਚ ਵਿੱਚ ਹਸਪਤਾਲ ਦੇ ਬੇਸਮੈਂਟ ਵਿੱਚ ਜਲਣਸ਼ੀਲ ਪਦਾਰਥਾਂ ਦੇ ਗੈਰ-ਕਾਨੂੰਨੀ ਸਟੋਰੇਜ ਦਾ ਖੁਲਾਸਾ ਹੋਇਆ, ਜਿਸ ਨੇ ਅੱਗ ਦੇ ਤੇਜ਼ੀ ਨਾਲ ਫੈਲਣ ਵਿੱਚ ਯੋਗਦਾਨ ਪਾਇਆ। ਇਸ ਘਟਨਾ ਤੋਂ ਬਾਅਦ, ਛੇ ਹਸਪਤਾਲ ਡਾਇਰੈਕਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ, ਹਸਪਤਾਲ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ, ਅਤੇ ਕਈ ਅਧਿਕਾਰੀਆਂ ਵਿਰੁੱਧ ਅਪਰਾਧਿਕ ਦੋਸ਼ ਦਾਇਰ ਕੀਤੇ ਗਏ। ਹਾਲਾਂਕਿ, ਕਈ ਦੋਸ਼ੀਆਂ ਨੂੰ ਸਾਲਾਂ ਬਾਅਦ ਜ਼ਮਾਨਤ ਦੇ ਦਿੱਤੀ ਗਈ। ਇਸ ਘਟਨਾ ਨੂੰ ਅਜੇ ਵੀ ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਲਈ ਇੱਕ ਚੇਤਾਵਨੀ ਵਜੋਂ ਯਾਦ ਕੀਤਾ ਜਾਂਦਾ ਹੈ।

ਦੋਸਤੋ, ਜੇਕਰ ਅਸੀਂ ਪਿਛਲੇ ਦਹਾਕੇ ਵਿੱਚ ਹਸਪਤਾਲ ਅੱਗ ਦੀ ਭਿਆਨਕ ਤਸਵੀਰ 'ਤੇ ਵਿਚਾਰ ਕਰੀਏ, ਤਾਂ ਭਾਰਤ ਨੇ ਪਿਛਲੇ 10 ਤੋਂ 15 ਸਾਲਾਂ ਵਿੱਚ ਹਸਪਤਾਲ ਅੱਗ ਦੀਆਂ ਕਈ ਵੱਡੀਆਂ ਘਟਨਾਵਾਂ ਵੇਖੀਆਂ ਹਨ। ਵੱਖ-ਵੱਖ ਸਰਕਾਰੀ ਰਿਪੋਰਟਾਂ ਅਤੇ ਮੀਡੀਆ ਵਿਸ਼ਲੇਸ਼ਣਾਂ ਦੇ ਅਨੁਸਾਰ, 2011 ਅਤੇ 2024 ਦੇ ਵਿਚਕਾਰ ਘੱਟੋ-ਘੱਟ 13 ਵੱਡੇ ਹਸਪਤਾਲਾਂ ਵਿੱਚ ਅੱਗ ਲੱਗਣ ਕਾਰਨ ਲਗਭਗ 180 ਲੋਕਾਂ ਦੀ ਮੌਤ ਹੋ ਗਈ। ਇਸ ਅੰਕੜੇ ਵਿੱਚ ਸਿਰਫ਼ ਵੱਡੀਆਂ ਘਟਨਾਵਾਂ ਸ਼ਾਮਲ ਹਨ। ਇਸ ਤੋਂ ਇਲਾਵਾ, ਹਰ ਸਾਲ ਕਈ ਛੋਟੀਆਂ ਅੱਗਾਂ ਵੀ ਲੱਗਦੀਆਂ ਹਨ, ਜਿਸ ਨਾਲ ਬਹੁਤ ਸਾਰੇ ਮਰੀਜ਼ ਜ਼ਖਮੀ ਹੁੰਦੇ ਹਨ। ਇਹ ਅੰਕੜਾ ਦਰਸਾਉਂਦਾ ਹੈ ਕਿ ਹਸਪਤਾਲਾਂ ਵਿੱਚ ਅੱਗ ਲੱਗਣ ਦੀ ਸਮੱਸਿਆ ਸਿਰਫ਼ ਦੁਰਘਟਨਾਵਾਂ ਦਾ ਨਤੀਜਾ ਨਹੀਂ ਹੈ, ਸਗੋਂ ਢਾਂਚਾਗਤ ਅਤੇ ਪ੍ਰਸ਼ਾਸਕੀ ਅਸਫਲਤਾਵਾਂ ਦਾ ਨਤੀਜਾ ਹੈ। ਹਾਲ ਹੀ ਦੇ ਸਾਲਾਂ ਵਿੱਚ ਹਸਪਤਾਲਾਂ ਵਿੱਚ ਅੱਗ ਲੱਗਣ ਦੀਆਂ ਵੱਡੀਆਂ ਘਟਨਾਵਾਂ 'ਤੇ ਨਜ਼ਰ ਮਾਰਨ ਨਾਲ ਇਸ ਸਮੱਸਿਆ ਨੂੰ ਹੋਰ ਵੀ ਸਪੱਸ਼ਟ ਤੌਰ 'ਤੇ ਪ੍ਰਗਟ ਹੁੰਦਾ ਹੈ। 2026 ਵਿੱਚ, ਕਟਕ ਦੇ ਸਰਕਾਰੀ ਮੈਡੀਕਲ ਕਾਲਜ ਹਸਪਤਾਲ ਦੇ ਆਈਸੀਯੂ ਵਿੱਚ ਅੱਗ ਲੱਗਣ ਕਾਰਨ 10 ਤੋਂ ਵੱਧ ਮਰੀਜ਼ਾਂ ਦੀ ਮੌਤ ਹੋ ਗਈ। 2024 ਵਿੱਚ, ਝਾਂਸੀ ਮੈਡੀਕਲ ਕਾਲਜ ਦੇ ਨਵਜੰਮੇ ਬੱਚੇ ਦੇ ਵਾਰਡ ਵਿੱਚ ਅੱਗ ਲੱਗਣ ਕਾਰਨ 10 ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। ਉਸੇ ਸਾਲ, ਦਿੱਲੀ ਦੇ ਵਿਵੇਕ ਵਿਹਾਰ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਅੱਗ ਲੱਗਣ ਨਾਲ ਸੱਤ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ, ਪਰ ਬਾਅਦ ਵਿੱਚ ਪਤਾ ਲੱਗਾ ਕਿ ਹਸਪਤਾਲ ਇੱਕ ਗੈਰ-ਕਾਨੂੰਨੀ ਲਾਇਸੈਂਸ ਅਧੀਨ ਕੰਮ ਕਰ ਰਿਹਾ ਸੀ। 2022 ਵਿੱਚ, ਜਬਲਪੁਰ ਦੇ ਇੱਕ ਹਸਪਤਾਲ ਦੇ ਆਈਸੀਯੂ ਵਿੱਚ ਅੱਗ ਲੱਗਣ ਨਾਲ ਅੱਠ ਮਰੀਜ਼ਾਂ ਦੀ ਮੌਤ ਹੋ ਗਈ। ਸਾਲ 2021 ਭਾਰਤ ਵਿੱਚ ਹਸਪਤਾਲਾਂ ਵਿੱਚ ਅੱਗ ਲੱਗਣ ਦੇ ਹਾਦਸਿਆਂ ਲਈ ਖਾਸ ਤੌਰ 'ਤੇ ਭਿਆਨਕ ਰਿਹਾ। ਮਹਾਰਾਸ਼ਟਰ ਦੇ ਅਹਿਮਦਨਗਰ ਕੋਵਿਡ ਹਸਪਤਾਲ ਵਿੱਚ ਆਈਸੀਯੂ ਵਿੱਚ ਅੱਗ ਲੱਗਣ ਕਾਰਨ ਗਿਆਰਾਂ ਮਰੀਜ਼ਾਂ ਦੀ ਮੌਤ ਹੋ ਗਈ। ਉਸੇ ਸਾਲ ਪਾਲਘਰ ਜ਼ਿਲ੍ਹੇ ਦੇ ਵਿਰਾਰ ਵਿੱਚ ਵਿਜੇ ਵੱਲਭ ਕੋਵਿਡ ਹਸਪਤਾਲ ਵਿੱਚ ਇੱਕ ਏਸੀ ਯੂਨਿਟ ਵਿੱਚ ਅੱਗ ਲੱਗਣ ਕਾਰਨ 15 ਮਰੀਜ਼ਾਂ ਦੀ ਮੌਤ ਹੋ ਗਈ। ਮਹਾਰਾਸ਼ਟਰ ਦੇ ਭੰਡਾਰਾ ਜ਼ਿਲ੍ਹਾ ਹਸਪਤਾਲ ਦੇ ਨਵਜੰਮੇ ਬੱਚੇ ਦੇ ਵਾਰਡ ਵਿੱਚ ਅੱਗ ਲੱਗਣ ਕਾਰਨ ਦਸ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। 2020 ਵਿੱਚ ਵੀ ਕਈ ਵੱਡੀਆਂ ਅੱਗਾਂ ਲੱਗੀਆਂ। ਵਿਜੇਵਾੜਾ ਵਿੱਚ ਇੱਕ ਕੋਵਿਡ ਸੈਂਟਰ ਵਿੱਚ ਅੱਗ ਲੱਗਣ ਕਾਰਨ ਦਸ ਮਰੀਜ਼ਾਂ ਦੀ ਮੌਤ ਹੋ ਗਈ। ਅਹਿਮਦਾਬਾਦ ਦੇ ਸ਼੍ਰੇਅ ਹਸਪਤਾਲ ਵਿੱਚ ਆਈਸੀਯੂ ਵਿੱਚ ਅੱਗ ਲੱਗਣ ਕਾਰਨ ਅੱਠ ਮਰੀਜ਼ਾਂ ਦੀ ਮੌਤ ਹੋ ਗਈ, ਜਦੋਂ ਕਿ ਰਾਜਕੋਟ ਦੇ ਇੱਕ ਕੋਵਿਡ ਹਸਪਤਾਲ ਵਿੱਚ ਆਈਸੀਯੂ ਵਿੱਚ ਅੱਗ ਲੱਗਣ ਕਾਰਨ ਪੰਜ ਮਰੀਜ਼ਾਂ ਦੀ ਮੌਤ ਹੋ ਗਈ। 2018 ਵਿੱਚ, ਮੁੰਬਈ ਦੇ ਇੱਕ ESIC ਹਸਪਤਾਲ ਵਿੱਚ ਅੱਗ ਅਤੇ ਧੂੰਏਂ ਦੇ ਸਾਹ ਲੈਣ ਕਾਰਨ ਅੱਠ ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ, 2016 ਵਿੱਚ ਭੁਵਨੇਸ਼ਵਰ ਦੇ ♥"$ ਹਸਪਤਾਲ ਵਿੱਚ ਅੱਗ ਲੱਗਣ ਕਾਰਨ 20 ਤੋਂ 22 ਲੋਕਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਜੋੜਨ 'ਤੇ, 2016 ਤੋਂ 2026 ਦਰਮਿਆਨ ਸਿਰਫ਼ ਵੱਡੀਆਂ ਘਟਨਾਵਾਂ ਵਿੱਚ ਹੋਈਆਂ ਮੌਤਾਂ ਦੀ ਗਿਣਤੀ ਲਗਭਗ 120 ਤੋਂ 150 ਹੋਣ ਦਾ ਅਨੁਮਾਨ ਹੈ। ਜੇਕਰ ਛੋਟੀਆਂ ਘਟਨਾਵਾਂ ਨੂੰ ਵੀ ਸ਼ਾਮਲ ਕੀਤਾ ਜਾਵੇ, ਤਾਂ ਇਹ ਗਿਣਤੀ ਬਹੁਤ ਜ਼ਿਆਦਾ ਹੋ ਸਕਦੀ ਹੈ।

ਦੋਸਤੋ, ਜੇਕਰ ਅਸੀਂ ਹੱਲ 'ਤੇ ਵਿਚਾਰ ਕਰੀਏ – ਹਸਪਤਾਲ ਸੁਰੱਖਿਆ ਨੂੰ ਤਰਜੀਹ ਦੇਣ ਦੀ ਲੋੜ – ਤਾਂ ਭਾਰਤ ਨੂੰ ਹਸਪਤਾਲਾਂ ਵਿੱਚ ਅੱਗ ਲੱਗਣ ਦੇ ਹਾਦਸਿਆਂ ਨੂੰ ਰੋਕਣ ਦੀ ਲੋੜ ਨੂੰ ਪੂਰਾ ਕਰਨਾ ਚਾਹੀਦਾ ਹੈ। ਪਹਿਲਾਂ, ਸਾਰੇ ਹਸਪਤਾਲਾਂ ਲਈ ਨਿਯਮਤ ਅਤੇ ਪਾਰਦਰਸ਼ੀ ਅੱਗ ਆਡਿਟ ਲਾਜ਼ਮੀ ਹੋਣੇ ਚਾਹੀਦੇ ਹਨ। ਦੂਜਾ, ਹਸਪਤਾਲ ਦੀਆਂ ਇਮਾਰਤਾਂ ਦੇ ਡਿਜ਼ਾਈਨ ਅਤੇ ਬਿਜਲੀ ਪ੍ਰਣਾਲੀਆਂ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਸਾਰ ਬਣਾਇਆ ਜਾਣਾ ਚਾਹੀਦਾ ਹੈ। ਤੀਜਾ, ਹਸਪਤਾਲ ਦੇ ਸਟਾਫ ਨੂੰ ਨਿਯਮਤ ਅੱਗ ਸੁਰੱਖਿਆ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ, ਅਤੇ ਸਮੇਂ-ਸਮੇਂ 'ਤੇ ਮੌਕ ਡ੍ਰਿਲ ਕੀਤੇ ਜਾਣੇ ਚਾਹੀਦੇ ਹਨ। ਚੌਥਾ, ਐਮਰਜੈਂਸੀ ਐਗਜ਼ਿਟ ਹਮੇਸ਼ਾ ਖੁੱਲ੍ਹੇ ਅਤੇ ਸੁਰੱਖਿਅਤ ਰੱਖੇ ਜਾਣੇ ਚਾਹੀਦੇ ਹਨ। ਸਭ ਤੋਂ ਮਹੱਤਵਪੂਰਨ ਕਦਮ ਹਾਦਸਿਆਂ ਲਈ ਜ਼ਿੰਮੇਵਾਰ ਪਾਏ ਜਾਣ ਵਾਲਿਆਂ ਵਿਰੁੱਧ ਤੇਜ਼ ਅਤੇ ਸਖ਼ਤ ਕਾਰਵਾਈ ਕਰਨਾ ਹੈ। ਜਦੋਂ ਤੱਕ ਜਵਾਬਦੇਹੀ ਸਥਾਪਤ ਨਹੀਂ ਕੀਤੀ ਜਾਂਦੀ, ਇਹ ਸਮੱਸਿਆ ਪੂਰੀ ਤਰ੍ਹਾਂ ਖਤਮ ਨਹੀਂ ਹੋਵੇਗੀ।

ਦੋਸਤੋ, ਜੇਕਰ ਅਸੀਂ ਇਸਦੀ ਤੁਲਨਾ ਅੰਤਰਰਾਸ਼ਟਰੀ ਮਾਪਦੰਡਾਂ ਨਾਲ ਕਰੀਏ, ਤਾਂ ਬਹੁਤ ਸਾਰੇ ਵਿਕਸਤ ਦੇਸ਼ਾਂ ਵਿੱਚ ਹਸਪਤਾਲਾਂ ਵਿੱਚ ਅੱਗ ਸੁਰੱਖਿਆ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ। ਉੱਥੇ, ਹਸਪਤਾਲ ਦੀਆਂ ਇਮਾਰਤਾਂ ਦੇ ਡਿਜ਼ਾਈਨ ਤੋਂ ਲੈ ਕੇ ਬਿਜਲੀ ਪ੍ਰਣਾਲੀਆਂ, ਆਕਸੀਜਨ ਪਾਈਪਲਾਈਨਾਂ, ਅੱਗ ਬੁਝਾਉਣ ਵਾਲੇ ਉਪਕਰਣਾਂ ਅਤੇ ਸਟਾਫ ਦੀ ਸਿਖਲਾਈ ਤੱਕ ਹਰ ਚੀਜ਼ ਲਈ ਸਖ਼ਤ ਨਿਯਮ ਲਾਗੂ ਹਨ। ਨਿਯਮਤ ਅੱਗ ਬੁਝਾਉਣ ਦੀਆਂ ਅਭਿਆਸਾਂ ਕੀਤੀਆਂ ਜਾਂਦੀਆਂ ਹਨ, ਅਤੇ ਕਿਸੇ ਵੀ ਲਾਪਰਵਾਹੀ ਦੇ ਨਤੀਜੇ ਵਜੋਂ ਭਾਰੀ ਜੁਰਮਾਨੇ ਅਤੇ ਅਪਰਾਧਿਕ ਕਾਰਵਾਈ ਹੁੰਦੀ ਹੈ। ਭਾਰਤ ਵਿੱਚ ਅਜਿਹੇ ਨਿਯਮ ਮੌਜੂਦ ਹਨ, ਪਰ ਉਨ੍ਹਾਂ ਨੂੰ ਲਾਗੂ ਕਰਨਾ ਕਮਜ਼ੋਰ ਹੈ। ਇਸ ਲਈ ਹਾਦਸੇ ਹੁੰਦੇ ਰਹਿੰਦੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੇ ਬਿਰਤਾਂਤ ਦੀ ਜਾਂਚ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਜੀਵਨ ਰੱਖਿਅਕ ਸੰਸਥਾਵਾਂ ਨੂੰ ਸੁਰੱਖਿਅਤ ਬਣਾਇਆ ਜਾਣਾ ਚਾਹੀਦਾ ਹੈ। ਕਟਕ ਮੈਡੀਕਲ ਕਾਲਜ ਹਸਪਤਾਲ ਵਿੱਚ ਵਾਪਰੀ ਘਟਨਾ ਸਿਰਫ਼ ਇੱਕ ਹਾਦਸਾ ਨਹੀਂ ਹੈ, ਸਗੋਂ ਭਾਰਤ ਦੀ ਸਿਹਤ ਸੁਰੱਖਿਆ ਪ੍ਰਣਾਲੀ ਦੀਆਂ ਕਮਜ਼ੋਰੀਆਂ ਦਾ ਪ੍ਰਤੀਕ ਹੈ। ਪਿਛਲੇ ਦਹਾਕੇ ਦੌਰਾਨ, ਹਸਪਤਾਲਾਂ ਵਿੱਚ ਅੱਗ ਲੱਗਣ ਕਾਰਨ ਸੈਂਕੜੇ ਲੋਕਾਂ ਦੀਆਂ ਜਾਨਾਂ ਗਈਆਂ ਹਨ। ਹਰ ਸਾਲ ਜਾਂਚ ਅਤੇ ਮੁਆਵਜ਼ੇ ਦਾ ਐਲਾਨ ਕੀਤਾ ਜਾਂਦਾ ਹੈ, ਪਰ ਜੇਕਰ ਪ੍ਰਣਾਲੀ ਵਿੱਚ ਕਾਫ਼ੀ ਸੁਧਾਰ ਨਹੀਂ ਹੁੰਦਾ ਹੈ, ਤਾਂ ਅਜਿਹੀਆਂ ਘਟਨਾਵਾਂ ਦੁਹਰਾਈਆਂ ਜਾਣਗੀਆਂ। ਹਸਪਤਾਲ ਉਹ ਥਾਵਾਂ ਹਨ ਜਿੱਥੇ ਲੋਕ ਜ਼ਿੰਦਗੀ ਦੀ ਉਮੀਦ ਭਾਲਦੇ ਹਨ। ਜੇਕਰ ਇਹੀ ਥਾਵਾਂ ਅਸੁਰੱਖਿਅਤ ਹੋ ਜਾਂਦੀਆਂ ਹਨ, ਤਾਂ ਇਹ ਪੂਰੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਇਸ ਲਈ, ਹਸਪਤਾਲ ਸੁਰੱਖਿਆ, ਅੱਗ ਆਡਿਟ ਅਤੇ ਪ੍ਰਬੰਧਕੀ ਜਵਾਬਦੇਹੀ ਨੂੰ ਤਰਜੀਹ ਦੇਣ ਦਾ ਸਮਾਂ ਆ ਗਿਆ ਹੈ। ਸਿਰਫ਼ ਨਿਯਮ ਬਣਾਉਣਾ ਕਾਫ਼ੀ ਨਹੀਂ ਹੈ; ਸਖ਼ਤ ਲਾਗੂਕਰਨ ਅਤੇ ਪਾਰਦਰਸ਼ੀ ਨਿਗਰਾਨੀ ਵੀ ਓਨੀ ਹੀ ਜ਼ਰੂਰੀ ਹੈ। ਤਦ ਹੀ ਹਸਪਤਾਲ ਸੱਚਮੁੱਚ ਸੁਰੱਖਿਅਤ ਕੇਂਦਰ ਬਣ ਜਾਣਗੇ ਜੋ ਜਾਨਾਂ ਬਚਾਉਂਦੇ ਹਨ।

**-ਲੇਖਕ ਦੁਆਰਾ ਸੰਕਲਿਤ - ਕਾਰ ਮਾਹਿਰ, ਕਾਲਮਨਵੀਸ, ਸਾਹਿਤ ਮਾਹਿਰ, ਅੰਤਰਰਾਸ਼ਟਰੀ ਲੇਖਕ, ਚਿੰਤਕ, ਕਵੀ, ਸੰਗੀਤ ਵਿਚੋਲਾ, ਸੀਏ(ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ 9284141425**

# ਪੰਜਾਬ ਦਾ ਰਾਹ ਰੁਸ਼ਨਾਉਣ ਦਾ ਵੇਲਾ

**ਜੋਤੀ ਮਲਹੋਤਰਾ**

ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਦੀਆਂ ਨਾਕਾਮੀਆਂ ਦੀ ਗੂੰਜ ਇਸ ਹਫ਼ਤੇ ਦੇ ਸ਼ੁਰੂ ਵਿੱਚ ਪੰਜਾਬ ਵਿਧਾਨ ਸਭਾ ਵਿੱਚ ਵੀ ਗੂੰਜੀ, ਜਦੋਂ ਵੱਖ-ਵੱਖ ਪਾਰਟੀਆਂ ਦੇ ਵਿਧਾਇਕ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਵਿਰੋਧ ਕਰਨ ਸਬੰਧੀ ਮਤਾ ਪਾਸ ਕਰਨ ਲਈ ਇੱਕਜੁੱਟ ਹੋ ਗਏ। ਬੇਸ਼ੱਕ, ਅਜਿਹਾ ਪਹਿਲੀ ਵਾਰ ਹੋਇਆ ਹੈ। ਵਿਦੇਸ਼ ਨੀਤੀ 'ਤੇ ਟੀਕਾ ਟਿੱਪਣੀਆਂ ਕਰਨਾ ਸੂਬਾਈ ਵਿਧਾਨ ਸਭਾਵਾਂ ਦਾ ਕੰਮ ਨਹੀਂ, ਇਸ ਸਬੰਧੀ ਮਤੇ ਪਾਸ ਕਰਨਾ ਤਾਂ ਦੂਰ ਦੀ ਗੱਲ ਹੈ। ਹਾਲਾਂਕਿ, ਇਨ੍ਹੀਂ ਦਿਨੀਂ ਸਿਆਸਤ ਵਿੱਚ ਇੰਨੀ ਕੁੜੱਤਣ ਫੈਲ ਗਈ ਹੈ ਕਿ ਪ੍ਰਸਿੱਧ ਆਰਕੀਟੈਕਟ ਲੀ ਕਾਰਬੂਜ਼ੀਏ ਵੱਲੋਂ ਡਿਜ਼ਾਈਨ ਕੀਤੀ ਗਈ ਪੰਜਾਬ ਵਿਧਾਨ ਸਭਾ ਦੀ ਸ਼ਾਨਦਾਰ ਇਮਾਰਤ ਵੀ ਸੜਕਾਂ ਦੇ ਸ਼ੋਰ-ਗੁਲ ਤੋਂ ਆਪਣੇ ਆਪ ਨੂੰ ਵੱਖ ਨਹੀਂ ਰੱਖ ਸਕੀ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਪੰਜਾਬ ਵਿੱਚ ਇੱਕ ਵੱਡੀ ਰੈਲੀ ਕਰ ਰਹੇ ਹਨ। ਇਸ ਲਈ ਸੂਬਾ ਖ਼ੁਦ ਨੂੰ ਤਿਆਰ ਕਰ ਰਿਹਾ ਹੈ। ਭਾਜਪਾ ਨੇ ਇਸ ਅਹਿਮ ਸਰਹੱਦੀ ਰਾਜ ਦੀ ਸਿਆਸਤ ਵਿੱਚ ਰਸਮੀ ਤੌਰ 'ਤੇ ਆਪਣਾ ਦਾਅਵਾ ਜਤਾ ਕੇ ਚੋਣ ਬਿਗਲ ਵਜਾ ਦਿੱਤਾ ਹੈ। ਹੁਣ ਇੱਥੇ ਨਵੀਂ ਸਰਕਾਰ ਬਣਨ ਵਿੱਚ ਇੱਕ ਸਾਲ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ। ਅਜਿਹੇ ਮਾਹੌਲ ਵਿੱਚ ਭਾਜਪਾ ਆਪਣੇ ਆਪ ਨੂੰ ਅਤੇ ਪੰਜਾਬ ਨੂੰ ਪੁੱਛ ਰਹੀ ਹੈ ਕਿ ਉਹ 'ਅਣਕਿਆਸੀ' ਗੱਲ ਨੂੰ ਅਮਲੀ ਜਾਮਾ ਕਿਉਂ ਨਹੀਂ ਪਹਿਨਾ ਸਕਦੀ? ਇਸ ਦਾ ਮਤਲਬ ਹੈ ਕਿ ਭਾਜਪਾ ਦਾ ਪੰਜਾਬ ਨੂੰ 'ਕੇਸਰੀ ਰੰਗ ਵਿੱਚ ਰੰਗਣ' ਦਾ ਸੁਪਨਾ ਸੱਚ ਕਿਉਂ ਨਹੀਂ ਹੋ ਸਕਦਾ?

ਹੁਣ ਤੱਕ ਇਹ ਪਾਰਟੀ ਕੁਝ ਹੱਦ ਤੱਕ ਦੁਚਿੱਤੀ ਵਿੱਚ ਜਾਪਦੀ ਹੈ। ਜੇਕਰ ਅਮਿਤ ਸ਼ਾਹ ਲੈਨਿਨ ਦੀ ਕਿਤਾਬ ਦਾ ਇੱਕ ਪੰਨਾ ਪਲਟ ਸਕਦੇ ਹਨ, ਜਿਸ ਨੇ ਇਹ ਪ੍ਰਸਿੱਧ ਟਿੱਪਣੀ ਕੀਤੀ ਸੀ ਕਿ 'ਉਸ ਨੂੰ ਸੱਤਾ ਸੇਂਟ ਪੀਟਰਸਬਰਗ ਦੀਆਂ ਸੜਕਾਂ 'ਤੇ ਪਈ ਮਿਲੀ, ਉਸ ਨੇ ਇਸ ਨੂੰ ਚੁੱਕਿਆ ਅਤੇ ਇਉਂ ਕ੍ਰਾਂਤੀ ਲਿਆਉਣ ਵਿੱਚ ਸਫਲ ਹੋਇਆ।' ਭਾਜਪਾ ਨੂੰ ਫਿਲਹਾਲ ਤਾਂ ਇਹ ਅਹਿਸਾਸ ਹੁੰਦਾ ਜਾਪਦਾ ਹੈ ਕਿ 'ਪੰਜ ਦਰਿਆਵਾਂ ਦੀ ਧਰਤੀ' (ਜਾਂ ਮੌਜੂਦਾ ਸੰਦਰਭ ਵਿੱਚ ਸਹੀ ਆਖੀਏ ਤਾਂ 'ਤਿੰਨ ਦਰਿਆਵਾਂ ਦੀ ਧਰਤੀ') ਦੇ ਲੋਕਾਂ ਦਾ ਵੱਖਰਾ ਹੀ ਸੁਭਾਅ ਹੈ, ਇਹ ਹੋਰ ਸੂਬਿਆਂ ਦੇ ਲੋਕਾਂ ਨਾਲੋਂ ਵਿਲੱਖਣ ਹਨ।

ਅਜਿਹਾ ਨਹੀਂ ਹੈ ਕਿ ਪੰਜਾਬ ਦੇ ਹਾਲਾਤ ਬਹੁਤੇ ਚੰਗੇ ਹਨ। ਨਸ਼ਿਆਂ ਦਾ ਸੰਕਟ ਸੂਬੇ ਨੂੰ ਇੱਕ ਅਜਿਹੇ ਚੱਕਰਵਿਊ ਵਿੱਚ ਘਸੀਟ ਰਿਹਾ ਹੈ, ਜਿਸ ਵਿੱਚੋਂ ਨਿਕਲਣ ਦਾ ਕੋਈ ਵੀ ਰਾਹ ਨਹੀਂ ਦਿਸ ਰਿਹਾ। ਮੇਰੀ ਸਹਿਕਰਮੀ ਅਪਰਨਾ ਬੈਨਰਜੀ ਵੱਲੋਂ ਪੰਜਾਬ ਦੇ ਦੁਆਬਾ ਖੇਤਰ ਦੇ ਮਹਿਤਪੁਰ ਦੇ 19 ਸਾਲਾ ਲੜਕੇ ਦੀ ਮੌਤ ਦੀ ਖ਼ਬਰ ਪੜ੍ਹੋ। ਇਹ ਮਹਿਜ਼ ਪੰਦਰਾਂ ਦਿਨਾਂ ਦੇ ਅੰਦਰ ਨਸ਼ਿਆਂ ਕਾਰਨ ਹੋਈ ਤੀਜੀ ਮੌਤ ਹੈ। ਵਿਦੇਸ਼ਾਂ 'ਚ ਰਹਿੰਦੇ ਗੈਂਗਸਟਰਾਂ ਵੱਲੋਂ ਪੰਜਾਬ ਵਿੱਚ ਆਪਣੇ ਵਿਰੋਧੀਆਂ ਨੂੰ ਦਿਨ-ਦਿਹਾੜੇ ਗੋਲੀਆਂ ਮਰਵਾ ਕੇ ਕਤਲ ਕਰਵਾਉਣ ਦੀਆਂ ਖ਼ਬਰਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ। ਸੱਤਾਧਾਰੀ 'ਆਪ' ਨੇ ਇਸ ਵਾਰ ਦੇ ਬਜਟ 'ਚ ਕੋਈ ਸਾਵਧਾਨੀ ਨਹੀਂ ਵਰਤੀ ਕਿਉਂਕਿ ਇਸ ਵਾਰ ਐਲਾਨੇ ਗਏ ਖਰਚੇ ਬੇਹੱਦ ਜ਼ਿਆਦਾ ਹਨ। ਇਸ ਬਜਟ ਵਿੱਚ ਸਾਰਿਆਂ ਨੂੰ ਕੁਝ ਨਾ ਕੁਝ ਦੇਣ ਦਾ ਵਾਅਦਾ ਕੀਤਾ ਗਿਆ ਹੈ ਜਿਵੇਂ ਔਰਤਾਂ ਨੂੰ ਹਰ ਮਹੀਨੇ 1,000 ਰੁਪਏ (ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨੂੰ ਹਰ ਮਹੀਨੇ 1,500 ਰੁਪਏ, ਜੋ ਕਿ ਸੂਬੇ ਦੀ 3 ਕਰੋੜ ਆਬਾਦੀ ਦਾ ਇੱਕ ਤਿਹਾਈ ਹਿੱਸਾ ਹਨ) ਦੇਣ ਦੀ ਨੀਤੀ ਨੂੰ ਚੋਣਾਂ ਜਿੱਤਣ ਲਈ 'ਬ੍ਰਹਮ ਅਸਤਰ' ਸਮਝਿਆ ਜਾ ਰਿਹਾ ਹੈ। ਇੱਕੋ ਇੱਕ ਸਮੱਸਿਆ ਇਹ ਹੈ ਕਿ ਕੋਈ ਨਹੀਂ ਜਾਣਦਾ ਇਸ ਸਭ ਲਈ ਫੰਡ ਕਿੱਥੋਂ ਆਉਣਗੇ? ਪੰਜਾਬ ਸਿਰ ਕਰਜ਼ੇ ਦਾ ਬੋਝ ਹੈਰਾਨ ਕਰਨ ਵਾਲਾ ਹੈ, ਜੋ 4.17 ਲੱਖ ਕਰੋੜ ਰੁਪਏ ਹੈ। ਇਸ ਰਕਮ ਵਿੱਚੋਂ 1.16 ਲੱਖ ਕਰੋੜ ਰੁਪਏ ਸਿਰਫ਼ ਵਿਆਜ ਅਦਾਇਗੀਆਂ ਵਿੱਚ ਹੀ ਖਰਚ ਹੋ ਜਾਂਦੇ ਹਨ। ਜੀ ਡੀ ਪੀ ਦੀ ਗੱਲ ਕਰੀਏ ਤਾਂ ਪੰਜਾਬ ਦੀ ਜੀ ਡੀ ਪੀ ਦੇਸ਼ ਭਰ ਵਿੱਚ ਹੇਠਲੇ ਪੱਧਰ ਤੋਂ ਦੂਜੇ ਸਥਾਨ 'ਤੇ ਹੈ। ਬੱਸ ਅਰੁਣਾਚਲ ਪ੍ਰਦੇਸ਼ ਦੀ ਜੀ ਡੀ ਪੀ ਹੀ ਪੰਜਾਬ ਨਾਲੋਂ ਘੱਟ ਹੈ।

ਔਰਤਾਂ ਨੂੰ ਰੁਪਏ ਦੇਣ ਵਾਲਾ ਦਾਅ ਖੇਡਣ ਦੀ ਇਹ ਰਣਨੀਤੀ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਭੱਥੇ ਵਿਚਲਾ ਤੀਰ ਹੈ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਰਣਨੀਤੀ 'ਤੇ ਮੁਹਾਰਤ ਹਾਸਲ ਕਰ ਲਈ ਹੈ। ਬੁਨਿਆਦੀ ਮੁੱਦਾ ਇਹ ਹੈ ਕਿ ਪੰਜਾਬ ਆਰਥਿਕ ਤੌਰ 'ਤੇ ਬੇਹੱਦ ਕਮਜ਼ੋਰ ਹੋ ਗਿਆ ਹੈ। ਇਸ ਹਫ਼ਤੇ ਮੁਹਾਲੀ ਵਿੱਚ ਹੋ ਰਿਹਾ 'ਨਿਵੇਸ਼ ਸੰਮੇਲਨ' ਸ਼ਾਇਦ ਥੋੜ੍ਹੀ ਦੇਰ ਨਾਲ ਹੋ ਰਿਹਾ ਹੈ, ਭਾਵੇਂ ਇਸ ਦਾ ਇੱਕੋ ਇੱਕ ਉਦੇਸ਼ ਮਹਿਜ਼ ਲੁਭਾਵਣੇ ਵਾਅਦੇ ਕਰਨਾ ਹੈ। ਬਦਕਿਸਮਤੀ ਨਾਲ, ਆਪਣੇ ਆਪ ਨੂੰ ਸੁਰਜੀਤ ਕਰਨ ਦੀ ਕੋਸ਼ਿਸ਼ ਵਿੱਚ 'ਆਪ' ਉਨ੍ਹਾਂ ਸਫ਼ਲ ਪੰਜਾਬੀ ਉੱਦਮੀਆਂ ਦੀ ਮੁਹਾਰਤ ਦਾ ਲਾਭ ਉਠਾਉਣ ਵਿੱਚ ਨਾਕਾਮ ਰਹੀ ਹੈ, ਜੋ ਦੇਸ਼ ਦੇ ਹੋਰ ਹਿੱਸਿਆਂ ਜਾਂ ਵਿਦੇਸ਼ਾਂ ਵਿੱਚ ਆਪਣੇ ਕਾਰੋਬਾਰ ਚਲਾਉਂਦੇ ਹਨ। ਚੇਤੇ ਰਹੇ ਕਿ ਪੰਜਾਬ ਮੁੜ ਪੱਕੇ ਪੈਰੀਂ ਹੋਣ ਲਈ ਕੈਨੇਡਾ ਦੀ 4 ਕਰੋੜ ਪਰਵਾਸੀ ਪੰਜਾਬੀ ਆਬਾਦੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤ ਸਕਦਾ ਹੈ। ਪਿਛਲੀ ਕਾਂਗਰਸ ਸਰਕਾਰ ਦੇ 'ਪੰਜਾਬ ਇਨੋਵੇਸ਼ਨ ਮਿਸ਼ਨ' ਵਿੱਚ ਕੁਝ ਚੰਗੇ ਨੁਕਤੇ ਉਠਾਏ ਗਏ ਸਨ, ਪਰ ਅਫ਼ਸੋਸ ਦੀ ਗੱਲ ਹੈ ਕਿ ਉਹ ਮਿਸ਼ਨ ਹੁਣ ਆਪਣੀ ਪੁਰਾਣੀ ਚਮਕ ਪੂਰੀ ਤਰ੍ਹਾਂ ਗੁਆ ਬੈਠਾ ਹੈ। ਇਸ ਦਾ ਕਾਰਨ ਇਹ ਹੈ ਕਿ ਅਫ਼ਸਰਸ਼ਾਹੀ ਹਰ ਚੀਜ਼ ਨੂੰ ਮੁੱਢ ਤੋਂ ਸ਼ੁਰੂ ਕਰਨ ਵਿੱਚ ਇੰਨੀ ਰੁੱਝੀ ਹੋਈ ਹੈ ਕਿ ਉਸ ਕੋਲ ਪਿਛਲੀ ਸਰਕਾਰ ਦੌਰਾਨ ਪੈਦਾ ਹੋਏ ਠੋਸ ਵਿਚਾਰਾਂ ਨੂੰ ਅੱਗਿਉਂ ਵਿਚਾਰਨ ਤੇ ਇਨ੍ਹਾਂ 'ਤੇ ਅਮਲ ਕਰਨ ਦਾ ਸਮਾਂ ਹੀ ਨਹੀਂ ਬਚਿਆ। ਹੁਣ ਮੁੱਖ ਮੰਤਰੀ ਭਗਵੰਤ ਮਾਨ ਬਾਰੇ ਵੀ ਗੱਲ ਕਰਨੀ ਬਣਦੀ ਹੈ। ਕੁਝ ਦਿਨ ਪਹਿਲਾਂ ਲੁਧਿਆਣਾ ਵਿੱਚ ਦਿੱਤੇ ਭਾਸ਼ਣ ਦੌਰਾਨ ਔਰਤਾਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਲਈ ਮੁੱਖ ਮੰਤਰੀ ਦੀ ਸਹੀ ਆਲੋਚਨਾ ਹੋਈ ਹੈ। ਸ਼ਾਇਦ ਉਹ ਸਿਰਫ਼ ਆਪਣੀ ਜਵਾਨੀ ਦੀਆਂ ਕੁਝ ਯਾਦਾਂ ਅਤੇ ਕਿੱਸੇ ਚੇਤੇ ਕਰ ਰਹੇ ਸਨ, ਪਰ ਸੱਚ ਆਖੀਏ ਤਾਂ ਯਕੀਨਨ ਇੰਨੇ ਰੰਗੀਨ ਜਾਂ ਸਨਸਨੀਖੇਜ਼ ਤਰੀਕਿਆਂ ਦੀ ਥਾਂ ਹੋਰ ਕਿਸੇ ਤਰੀਕੇ ਨਾਲ ਆਪਣੀ ਗੱਲ ਰੱਖ ਸਕਦੇ ਸਨ। (ਜਿੱਥੋਂ ਤੱਕ ਕਾਂਗਰਸ ਪਾਰਟੀ ਦੇ ਸੁਖਪਾਲ ਖਹਿਰਾ ਦਾ ਸਵਾਲ ਹੈ, 'ਆਪ' ਸਰਕਾਰ ਵੱਲੋਂ ਦਿੱਤੇ ਜਾਣ ਵਾਲੇ 1,000 ਰੁਪਏ ਵਾਲੀ ਗੱਲ ਨੂੰ 'ਨੱਚਣ ਵਾਲੀਆਂ' ਨਾਲ ਜੋੜਨ ਵਾਲੀਆਂ ਉਨ੍ਹਾਂ ਦੀਆਂ ਸ਼ਰਮਨਾਕ ਟਿੱਪਣੀਆਂ ਦੇ ਮੱਦੇਨਜ਼ਰ ਪਾਰਟੀ ਨੂੰ ਉਨ੍ਹਾਂ ਨੂੰ ਫੌਰੀ 'ਕਾਲੇਪਾਣੀ' ਭੇਜ ਦੇਣਾ ਚਾਹੀਦਾ ਹੈ, ਜਿੱਥੇ ਜਾ ਕੇ ਉਨ੍ਹਾਂ ਨੂੰ ਆਪਣੀ ਗੱਲ 'ਤੇ ਡੂੰਘਾ ਪਛਤਾਵਾ ਕਰਨਾ ਅਤੇ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਨੂੰ ਪੰਜਾਬ ਦੀਆਂ ਔਰਤਾਂ ਦੇ ਗੁੱਸੇ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।)

ਜਿੱਥੋਂ ਤੱਕ 'ਨੱਚਣ ਵਾਲੀਆਂ' ਦੀ ਗੱਲ ਹੈ ਤਾਂ ਸ੍ਰੀ ਖਹਿਰਾ ਸਮੇਤ ਪੰਜਾਬ ਦੇ ਸਾਰੇ ਮਰਦਾਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਇਹ 'ਨੱਚਣ ਵਾਲੀਆਂ' ਨਿਰੋਲ ਇਮਾਨਦਾਰੀ ਅਤੇ ਮਾਣ ਨਾਲ ਆਪਣਾ ਕੰਮ ਕਰਦੀਆਂ ਹਨ, ਕਿਸੇ ਵੱਲੋਂ ਕੀਤੀ ਜਾਂਦੀ ਮਦਦ ਜਾਂ ਦਾਨ 'ਤੇ ਗੁਜ਼ਾਰਾ ਨਹੀਂ ਕਰਦੀਆਂ। ਇਸ ਦੇ ਨਾਲ ਹੀ ਇਹ ਫ਼ੈਸਲਾ ਹੋਣਾ ਹਾਲੇ ਬਾਕੀ ਹੈ ਕਿ ਕਿਹੜੀ 'ਕਠਪੁਤਲੀ' ਦੀਆਂ ਡੋਰਾਂ ਕਿਸ ਦੇ ਹੱਥ ਹਨ, ਇਸ ਬਾਰੇ ਫ਼ੈਸਲਾ ਲੋਕ ਅਗਲੇ ਵਰ੍ਹੇ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਇਸੇ ਵਰ੍ਹੇ ਪੱਛਮੀ ਬੰਗਾਲ, ਆਸਾਮ ਅਤੇ ਕੇਰਲਾ ਵਿੱਚ ਵੀ ਸੁਣਾ ਦੇਣਗੇ।

ਚਲੋ ਮੁੜ ਭਗਵੰਤ ਮਾਨ ਦੀ ਗੱਲ ਕਰਦੇ ਹਾਂ। ਮੁੱਖ ਮੰਤਰੀ ਦੇ ਖ਼ੂਨ (ਹੀਮੋਗਲੋਬਿਨ) ਦੀ ਜਾਂਚ ਲਈ ਕਦੇ-ਕਦਾਈਂ ਹਸਪਤਾਲ ਦੇ ਗੇੜਿਆਂ 'ਚ ਲੋਕਾਂ ਨੂੰ ਸ਼ਾਇਦ ਕੋਈ ਦਿਲਚਸਪੀ ਨਹੀਂ। ਮੁੱਖ ਮੰਤਰੀ ਵੱਲੋਂ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਦਾ ਵਾਅਦਾ ਕਿਸੇ ਦੇ 'ਨਾ ਖਾਊਂਗਾ, ਨਾ ਖਾਨੇ ਦੂੰਗਾ' ਦੇ ਵਾਅਦੇ ਵਾਂਗ ਇਸ ਬੇਮੌਸਮੀ ਗਰਮੀ ਦੌਰਾਨ ਮ੍ਰਿਗਤ੍ਰਿਸ਼ਨਾ ਜਿਹਾ ਜਾਪਦਾ ਹੈ। ਜਿੱਥੋਂ ਤੱਕ ਦਿੱਲੀ ਦੇ ਪ੍ਰਭਾਵ ਦਾ ਸਵਾਲ ਹੈ, ਪੰਜਾਬ ਅਜਿਹਾ ਸੂਬਾ ਹੈ, ਜਿਸ ਨੇ ਕਦੇ ਵੀ 'ਦਿੱਲੀ ਦਰਬਾਰ' ਅੱਗੇ ਝੁਕਣਾ ਨਹੀਂ ਸਿੱਖਿਆ। ਇਸੇ ਕਾਰਨ ਪੂਰੀ ਸਿਆਸੀ ਜਮਾਤ 'ਘਰ ਵਾਪਸੀ' ਲਈ ਇੰਨੀ ਤਰਲੋਮੱਛੀ ਹੈ।

ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਦਿੱਲੀ 'ਚ 'ਆਪ' ਦੇ ਹੋਰ ਆਗੂ ਇਸ ਬੁਨਿਆਦੀ ਸੱਚ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਕਿ ਪੰਜਾਬ ਨਾ ਤਾਂ ਦਿੱਲੀ ਵਿੱਚ ਪਾਰਟੀ ਦੀਆਂ ਹਾਰਾਂ ਲਈ ਮਹਿਜ਼ 'ਹੌਸਲਾ ਵਧਾਊ ਇਨਾਮ' ਹੈ ਅਤੇ ਨਾ ਹੀ ਇਹ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਦਾ 'ਆਧਾਰ' ਹੈ। ਇਸ ਸੂਬੇ ਦੀ ਆਪਣੀ ਇੱਕ ਮਜ਼ਬੂਤ ??ਪਛਾਣ ਹੈ। ਇੱਕ ਅਜਿਹੀ ਪਛਾਣ, ਜੋ ਦੇਸ਼ ਵੰਡ ਕਾਰਨ ਧੁੰਦਲੀ, ਖਾੜਕੂਵਾਦ ਕਾਰਨ ਪ੍ਰਭਾਵਿਤ ਅਤੇ ਬਾਅਦ ਵਿੱਚ ਲੰਮਾ ਸਮਾਂ ਸਿਆਸੀ ਤੇ ਆਰਥਿਕ ਨਿਵੇਸ਼ ਦੀ ਘਾਟ ਕਾਰਨ ਹੋਰ ਕਮਜ਼ੋਰ ਹੋ ਗਈ ਸੀ। ਜੇਕਰ 'ਆਪ' ਪੰਜਾਬ ਨੂੰ ਦੁਬਾਰਾ ਜਿੱਤਣ ਦਾ ਇਰਾਦਾ ਰੱਖਦੀ ਹੈ ਤਾਂ ਔਰਤਾਂ ਨੂੰ ਹਰ ਮਹੀਨੇ ਮਹਿਜ਼ 1,000 ਰੁਪਏ ਦੇਣ ਦੀ ਥਾਂ ਇਸ ਨੂੰ 'ਪ੍ਰਤੀਕਵਾਦ' ਤੋਂ ਅੱਗੇ ਵਧ ਕੇ ਕੁਝ ਕਰਨ ਦੀ ਲੋੜ ਹੈ।

'ਆਪ' ਵੀ ਭਾਜਪਾ ਵਾਂਗ 'ਔਰਤਾਂ ਨੂੰ ਵੋਟ ਬੈਂਕ' ਬਣਾਉਣਾ ਚਾਹੁੰਦੀ ਹੈ। ਜਿਵੇਂ ਭਾਜਪਾ ਨੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਔਰਤਾਂ ਨੂੰ ਵੱਡੇ ਵਿੱਤੀ ਲਾਭ ਤੇ ਸਹੂਲਤਾਂ ਦਿੱਤੀਆਂ, ਉਵੇਂ ਹੀ 'ਆਪ' ਵੀ ਇਸੇ ਰਾਹ ਤੁਰਨਾ ਚਾਹੁੰਦੀ ਹੈ। ਹਾਲਾਂਕਿ ਇਹ ਰਕਮ ਸੂਬੇ ਸਿਰ ਚੜ੍ਹਿਆ ਕਰਜ਼ਾ ਲਾਹੁਣ ਲਈ ਵਰਤੀ ਜਾ ਸਕਦੀ ਹੈ। ਚੇਤੇ ਰਹੇ ਕਿ ਔਰਤਾਂ ਨਾ ਤਾਂ ਮਹਿਜ਼ 'ਲਾਭਪਾਤਰੀ' ਹਨ ਅਤੇ ਨਾ ਹੀ ਕਿਸੇ ਦੀ 'ਸਰਪ੍ਰਸਤੀ' ਜਾਂ 'ਖ਼ੈਰਾਤ' 'ਤੇ ਨਿਰਭਰ ਕਰਦੀਆਂ ਹਨ। ਉਹ ਮਹਿਜ਼ 'ਕੁੱਖਾਂ' ਵੀ ਨਹੀਂ ਹਨ ਜੋ ਸਿਰਫ਼ 'ਸੂਰਮਿਆਂ' ਨੂੰ ਜਨਮ ਦੇਣ ਲਈ ਹਨ। ਇਸ ਹਫ਼ਤੇ ਦੇ ਸ਼ੁਰੂ ਵਿੱਚ ਪੰਜਾਬ ਵਿਧਾਨ ਸਭਾ ਅੰਦਰ ਔਰਤਾਂ 'ਤੇ ਕੀਤੀਆਂ ਗਈਆਂ ਕੁਝ ਟਿੱਪਣੀਆਂ ਨਾ ਸਿਰਫ਼ ਸੁਣਨ ਨੂੰ ਭੱਦੀਆਂ ਲੱਗੀਆਂ ਸਗੋਂ ਇਹ ਸਾਡੀ ਮਾਨਸਿਕਤਾ 'ਚ ਡੂੰਘੀ ਪਈ 'ਪਿੱਤਰਸੱਤਾ ਵਾਲੀ ਸੋਚ' ਨੂੰ ਵੀ ਉਜਾਗਰ ਕਰਦੀਆਂ ਸਨ। ਅਜਿਹੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਕਿ ਔਰਤਾਂ ਪ੍ਰਤੀ ਉਨ੍ਹਾਂ ਦੇ ਵਤੀਰੇ 'ਤੇ ਪਿੱਤਰਸੱਤਾ ਕਿੰਨੀ ਭਾਰੂ ਹੈ।

ਪੰਜਾਬ ਦਾ ਵੱਖਰਾ ਹੀ ਮਹੱਤਵ ਹੈ, ਖ਼ਾਸਕਰ ਇਸ ਲਈ ਕਿਉਂਕਿ ਇਸ ਦੀ ਕਿਸੇ ਵੀ ਤਰ੍ਹਾਂ ਦੇ 'ਪੇਤਲੇ ਪ੍ਰਤੀਕਵਾਦ' ਵਿੱਚ ਕੋਈ ਦਿਲਚਸਪੀ ਨਹੀਂ। ਜੌਨ ਐੱਫ. ਕੈਨੇਡੀ ਦੇ ਕਥਨ ਨੂੰ ਸੂਬਾਈ ਚੋਣਾਂ ਤੋਂ ਕੁਝ ਮਹੀਨੇ ਦੂਰ ਰਹਿ ਗਏ ਪੰਜਾਬ 'ਤੇ ਢੁਕਾ ਕੇ ਇਹ ਕਿਹਾ ਜਾ ਸਕਦਾ ਹੈ: ਇਹ ਨਾ ਪੁੱਛੋ ਕਿ 'ਪੰਜਾਬ ਤੁਹਾਡੇ ਲਈ ਕੀ ਕਰ ਸਕਦਾ ਹੈ' ਸਗੋਂ ਇਹ ਪੁੱਛੋ ਕਿ 'ਤੁਸੀਂ ਪੰਜਾਬ ਲਈ ਕੀ ਕਰ ਸਕਦੇ ਹੋ'? ਸ਼ਾਇਦ ਇਹੋ ਕਾਰਨ ਹੈ ਕਿ ਸਾਰੀਆਂ ਨਜ਼ਰਾਂ ਅਮਿਤ ਸ਼ਾਹ ਦੀ ਅੱਜ ਹੋ ਰਹੀ ਪੰਜਾਬ ਰੈਲੀ 'ਤੇ ਟਿਕੀਆਂ ਹੋਈਆਂ ਹਨ। ਮੌਂਟੇਕ ਸਿੰਘ ਆਹਲੂਵਾਲੀਆ ਸਾਬਕਾ ਵਿੱਤ ਸਕੱਤਰ ਤੇ 1990ਵਿਆਂ ਦੇ ਸ਼ੁਰੂ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਸੱਜੇ ਹੱਥ ਵਜੋਂ ਵਿਚਰਦੇ ਸਨ। ਇਨ੍ਹਾਂ ਦੋਵਾਂ ਪੰਜਾਬੀਆਂ ਨੇ ਦੇਸ਼ ਦੇ ਆਰਥਿਕ ਸੁਧਾਰਾਂ ਦੀ ਅਗਵਾਈ ਕੀਤੀ ਅਤੇ ਦੇਸ਼ ਦੇ ਵਿੱਤੀ ਮੁਹਾਂਦਰੇ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ। ਸ੍ਰੀ ਆਹਲੂਵਾਲੀਆ ਨੇ ਭਾਈ ਗੁਰਦਾਸ ਜੀ ਦੀ ਵਾਰ ਦਾ ਹਵਾਲਾ ਦਿੰਦੇ ਹੋਏ ਮੈਨੂੰ ਇਹ ਸਤਰਾਂ ਲਿਖ ਭੇਜੀਆਂ, ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਵੀ ਬਹੁਤ ਸਤਿਕਾਰ ਦਿੰਦੇ ਸਨ: "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।" ਜੇਕਰ ਅਸੀਂ ਪੰਜਾਬ ਦਾ ਰਾਹ ਇੱਕ ਵਾਰ ਫਿਰ ਰੁਸ਼ਨਾਉਣਾ ਹੈ ਤਾਂ ਅੱਗੇ ਦਾ ਰਾਹ ਬਿਲਕੁਲ ਸਾਫ਼ ਹੈ।

*ਮੁੱਖ ਸੰਪਾਦਕ, ਟ੍ਰਿਬਿਊਨ ਪ੍ਰਕਾਸ਼ਨ ਸਮੂਹ।

Published, Printed and Owned by Anil Kumar Garg, Published at Street No-11, Manshahia Colony, Near Grewal Filling Station, Sangrur, Punjab State, Pin-148001, Printed at- Tejas Printers, Opposite Government High School, Patiala Cant., Dhamomajra Road, Patiala, Punjab State, Pin-147001. Editor- Surinder Kumar

**ਲੇਖਕ ਆਪਣੀਆਂ ਰਚਨਾਵਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮੋਬਾਇਲ ਨੰਬਰ 79860-87886'ਤੇ ਸੰਪਰਕ ਕਰਨ।**

**ਰੋਜ਼ਾਨਾ ਆਜ਼ਾਦ ਸੋਚ 'ਚ ਛਪਣ ਵਾਲੀ ਲੇਖ ਸਮਗਰੀ ਲੇਖਕਾਂ ਦੇ ਨਿਜੀ ਵਿਚਾਰ ਹੁੰਦੇ ਹਨ। ਇੰਨਾਂ ਨਾਲ ਅਖਬਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਾਠਕ ਸਾਹਿਬਾਨ ਨੋਟ ਕਰਨ। ਪ੍ਰਕਾਸ਼ਤ ਸਮੱਗਰੀ ਬਾਰੇ ਕੋਈ ਵੀ ਇਤਰਾਜ਼ ਸਬੰਧਤ ਲੇਖਕ ਕੋਲ ਹੀ ਉਠਾਇਆ ਜਾਵੇ। - ਸੰਪਾਦਕ**

# ਖਨੌਰੀ ਖ਼ੁਰਦ ਦੇ ਗੰਦੇ ਪਾਣੀ ਵਾਲ਼ਾ ਛੱਪੜ ਬਣ ਰਿਹਾ ਹੈ ਪਿੰਡ ਵਾਸੀਆਂ ਲਈ ਵੱਡੀ ਮੁਸੀਬਤ



**ਆਜ਼ਾਦ ਸੋਚ, ਸਤਨਾਮ ਸਿੰਘ ਛਾਬੜਾ, ਖਨੌਰੀ, 17 ਮਾਰਚ :**

---

ਖਨੌਰੀ ਨੇੜਲੇ ਪਿੰਡ ਖਨੌਰੀ ਖ਼ੁਰਦ ਵਿਖੇ ਬਣਿਆ ਛੱਪੜ ਸਮੁੱਚੇ ਪਿੰਡ ਵਾਸੀਆਂ ਲਈ ਵੱਡੀ ਮੁਸੀਬਤ ਬਣਿਆ ਹੋਇਆ ਹੈ ਕਿਉਂਕਿ ਇਸ ਵਿੱਚ ਭਰਿਆ ਗੰਦਾ ਪਾਣੀ ਭਾਰੀ ਬਦਬੂ ਮਾਰ ਰਿਹਾ ਹੈ ਜਿਸ ਕਰਕੇ ਇਸ ਕੋਲੋਂ ਲੰਘਣਾ ਵੀ ਬਹੁਤ ਮੁਸ਼ਕਿਲ ਹੋਇਆ ਪਿਆ ਹੈ। ਇਹ ਗੰਦੇ ਪਾਣੀ ਦਾ ਗੰਦਾ ਛੱਪੜ ਜੋਂ ਕਿ ਬਸਤੀ ਵਾਲ਼ੇ ਲੋਕਾਂ ਅਤੇ ਇਥੇ ਆਉਂਦੇ ਜਾਂਦੇ ਰਾਹਗੀਰਾਂ ਲਈ ਵੱਡੀ ਪ੍ਰੇਸ਼ਾਨੀ ਬਣਿਆ ਹੋਇਆ ਹੈਂ ਜੋਂ ਵੀ ਇਥੇ ਆਉਂਦਾ ਹੈ ਹਰ ਵਿਅਕਤੀ ਏਹੀ ਕਹਿੰਦਾ ਹੈਂ ਇਹ ਛੱਪੜ ਬਸਤੀ ਤੋਂ ਬੇਹੱਦ ਬਾਹਰ ਹੋਣਾ ਚਾਹੀਦਾ ਹੈ ਕਿਉਂਕਿ ਇਸ ਛੱਪੜ ਦੀ ਸਫ਼ਾਈ ਦਾ ਪ੍ਰਬੰਧ ਬਿਲਕੁੱਲ ਵੀ ਨਹੀਂ ਹੈ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਇਸ ਛੱਪੜ ਦੀ ਗਹਿਰਾਈ ਬਹੁਤ ਜ਼ਿਆਦਾ ਹੈਂ। ਇਥੇ ਅਕਸਰ ਪ੍ਰਾਇਮਰੀ ਸਕੂਲ ਦੇ ਬੱਚੇ ਸਕੂਲ਼ ਨੂੰ ਜਾਂਦੇ ਸਮੇਂ ਇਸ ਛੱਪੜ ਕੋਲੋਂ ਲੰਘਦੇ ਹਨ ਹਨ ਅਤੇ ਇਸ ਤੋਂ ਇਲਾਵਾਂ ਪਿੰਡ ਦੀ ਗੂਗਾ ਮੈਂਡੀ ਅਤੇ ਪੀਰ ਲਾਲਾ ਵਾਲ਼ੇ ਦੀ ਦਰਗਾਹ ਤੇ ਅਕਸਰ ਪਿੰਡ ਵਿਚੋਂ ਲੋਕ ਮੱਥਾ ਟੇਕਣ ਲਈ ਆਉਂਦੇ ਜਾਦੇ ਰਹਿੰਦੇ ਹਨ। ਇਹ ਛੱਪੜ ਬਹੁਤ ਗਹਿਰਾ ਹੋਣ ਕਰਕੇ ਕਾਫੀ ਸਾਲ ਪਹਿਲਾਂ ਇਕ ਵਿਅਕਤੀ ਦੀ ਇਸ ਵਿੱਚ ਪੈਰ ਤਿਕਲਣ ਕਾਰਣ ਮੌਤ ਹੋ ਗਈ ਸੀ। ਕਾਫ਼ੀ ਵਾਰ ਬੱਚੇ ਡਿੱਗ ਵੀ ਇਸ ਵਿੱਚ ਡਿੱਗੇ ਹਨ। ਇਸ ਛੱਪੜ ਦਾ ਪਾਣੀ ਬਹੁਤ ਦੂਸ਼ਿਤ ਹੋ ਚੁੱਕਾ ਹੈ ਅਤੇ ਜਿਸ ਕਾਰਣ ਕਈ ਖਤਰਨਾਕ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਰਹਿੰਦਾ ਹੈ। ਮਾਨਵ ਸੇਵਾ ਵੈਲਫ਼ੇਅਰ ਯੂਥ ਕਲੱਬ ਦੇ ਪ੍ਰਧਾਨ ਕੋਮਲ ਮਲਿਕ ਨੇ ਦੱਸਿਆ ਕਿ ਉਨ੍ਹਾਂ ਨੇ ਅਤੇ ਪਿੰਡ ਦੇ ਲੋਕਾਂ ਨੇ ਏ ਡੀ ਸੀ ਪੇਂਡੂ ਵਿਕਾਸ ਸੰਗਰੂਰ ਨੂੰ ਪੱਤਰ ਲਿਖ ਕੇ ਇਸ ਛੱਪੜ ਨੂੰ ਰਿਹਾਇਸ਼ੀ ਏਰੀਏ ਤੋਂ ਬਹਾਰ ਕਰਕੇ ਇਥੇ ਪਾਰਕ ਬਣਾਉਣ ਦੀ ਮੰਗ ਕੀਤੀ ਹੈ।ਪਿੰਡ ਵਾਸੀ ਵਤਨਪ੍ਰੀਤ ਸਿੰਘ ਨੇਂ ਕਿਹਾ ਕਿ ਇਸ ਗੰਦੇ ਛੱਪੜ ਨੂੰ ਟਰੀਟਮੈਂਟ ਪਲਾਂਟ ਵਿੱਚ ਤਬਦੀਲ ਕਰਕੇ ਬਾਹਰ ਬਣਾਇਆ ਜਾਵੇ ਅਤੇ ਇਸਨੂੰ ਇਥੋਂ ਬਸਤੀ ਵਿੱਚੋ ਹਟਾਇਆ ਜਾਵੇ। ਇਸ ਸਬੰਧੀ ਸੀਨੀਅਰ ਆਗੂ ਸ਼ੀਸ਼ ਪਾਲ ਮਲਿਕ ਨੇ ਦੱਸਿਆ ਕਿ ਇਸ ਛੱਪੜ ਵਿਚ ਭਰੇ ਕਾਫੀ ਜ਼ਿਆਦਾ ਪਾਣੀ ਕਰਕੇ ਕੁੱਝ ਦਿੱਕਤ ਆ ਰਹੀ ਹੈ ਅਤੇ ਕੁਝ ਸਮੇਂ ਵਿੱਚ ਇਸ ਛੱਪੜ ਵਿਚੋਂ ਪਾਣੀ ਘਟਾ ਕੇ ਇਸ ਸਮਸਿਆ ਦਾ ਹੱਲ ਕੀਤਾ ਜਾਵੇਗਾ। ਮਾਨਵ ਸੇਵਾ ਵੈਲਫੇਅਰ ਯੂਥ ਕਲੱਬ ਦੇ ਪ੍ਰਧਾਨ ਕੋਮਲ ਮਲਿਕ ਸਮੇਤ ਵਤਨਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਸੋਨੂੰ, ਗੁਰਪ੍ਰੀਤ ਸਿੰਘ, ਬਿੰਦਰ ਸਿੰਘ, ਸੋਮੀ ਕਿਰਨ ਅਤੇ ਸੰਮੂਹ ਪਿੰਡ ਵਾਸੀਆਂ, ਕਲੱਬ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਸ ਦਾ ਹੱਲ ਕੀਤਾ ਜਾਵੇ ਅਤੇ ਪਿੰਡ ਵਾਸੀਆਂ ਨੂੰ ਆ ਰਹੀ ਇਸ ਮੁਸ਼ਕਿਲ ਨੂੰ ਦੂਰ ਕੀਤਾ ਜਾਵੇ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਦੌਰਾਨ ਰਜਿਸਟ੍ਰੇਸ਼ਨ ਮਸਲੇ 'ਤੇ ਜਲਦ ਫੈਸਲੇ ਦੇ ਸੰਕੇਤ

**ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 17 ਮਾਰਚ :**

---



ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ (ਰਜਿ.) ਪੰਜਾਬ ਬਲਾਕ ਫ਼ਰੀਦਕੋਟ ਦੀ ਮਹੀਨਾਵਾਰ ਮੀਟਿੰਗ ਆਫ਼ੀਸਰ ਕਲੱਬ ਫਰੀਦਕੋਟ ਵਿਖੇ ਬਲਾਕ ਪ੍ਰਧਾਨ ਡਾ. ਅੰਮ੍ਰਿਤਪਾਲ ਸਿੰਘ ਟਹਿਣਾ ਦੀ ਅਗਵਾਈ ਹੇਠ ਹੋਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਰਸ਼ਪਾਲ ਸਿੰਘ ਸੰਧੂ ਅਤੇ ਜ਼ਿਲ੍ਹਾ ਕੈਸ਼ੀਅਰ ਡਾ. ਪ੍ਰੇਮ ਢੁੱਡੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਦੌਰਾਨ ਸੀ.ਆਰ.ਐਲ. ਡਾਇਗਨੋਸਟਿਕ ਸੈਂਟਰ ਦਿੱਲੀ ਤੋਂ ਮੈਡਮ ਇੰਦਰਜੀਤ ਕੌਰ, ਜਸਪ੍ਰੀਤ ਸਿੰਘ ਅਤੇ ਉਹਨਾਂ ਦੀ ਟੀਮ ਵੱਲੋਂ ਵੱਖ-ਵੱਖ ਮੈਡੀਕਲ ਟੈਸਟਾਂ ਅਤੇ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਫ਼ਰੀਦਕੋਟ ਦੇ ਗੋਇਲ ਡਾਇਗਨੋਸਟਿਕ ਸੈਂਟਰ ਦੇ ਮਾਲਕ ਸ਼੍ਰੀ ਅਤੁਲ ਗੋਇਲ ਅਤੇ ਉਹਨਾਂ ਦੀ ਟੀਮ ਵੱਲੋਂ ਆਪਣੇ ਸੈਂਟਰ ਅਤੇ ਸੀ.ਆਰ.ਐਲ. ਨਾਲ ਸੰਬੰਧਤ ਟੈਸਟਾਂ ਅਤੇ ਸਹੂਲਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਸਕੱਤਰ ਡਾ. ਕੁਲਵੰਤ ਸਿੰਘ ਚਹਿਲ ਨੇ ਸਾਰੇ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਹਾਜ਼ਰੀ ਲਈ ਧੰਨਵਾਦ ਕੀਤਾ। ਇਸ ਤੋਂ ਬਾਅਦ ਬਲਾਕ ਪ੍ਰਧਾਨ ਡਾ. ਅੰਮ੍ਰਿਤਪਾਲ ਸਿੰਘ ਟਹਿਣਾ ਨੇ ਮੈਂਬਰਾਂ ਨੂੰ ਸਾਫ਼-ਸੁਥਰੀ ਅਤੇ ਇਮਾਨਦਾਰੀ ਨਾਲ ਪ੍ਰੈਕਟਿਸ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਸਮੱਸਿਆ ਦੀ ਸੂਰਤ ਵਿੱਚ ਮੈਂਬਰ ਬਲਾਕ ਪ੍ਰਧਾਨ ਜਾਂ ਐਗਜ਼ੈਕਟਿਵ ਟੀਮ ਨਾਲ ਸੰਪਰਕ ਕਰ ਸਕਦੇ ਹਨ। ਜ਼ਿਲ੍ਹਾ ਪ੍ਰਧਾਨ ਡਾ. ਰਸ਼ਪਾਲ ਸਿੰਘ ਸੰਧੂ ਨੇ ਦੱਸਿਆ ਕਿ ਸਿਹਤ ਵਿਭਾਗ ਨਾਲ ਲਗਾਤਾਰ ਸੰਪਰਕ ਬਣਾਇਆ ਹੋਇਆ ਹੈ ਅਤੇ ਕਿਸੇ ਵੀ ਮੈਂਬਰ ਨੂੰ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਟੇਟ ਪੱਧਰ 'ਤੇ ਹੋਣ ਵਾਲੇ ਫੈਸਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਆਉਣ ਵਾਲੇ ਸਮੇਂ ਵਿੱਚ ਨਵੀਂ ਰਣਨੀਤੀ ਤਿਆਰ ਕੀਤੀ ਜਾ ਸਕਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਰਜਿਸਟ੍ਰੇਸ਼ਨ ਦਾ ਮਸਲਾ ਕਾਫ਼ੀ ਸਮੇਂ ਤੋਂ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਅਤੇ ਉਮੀਦ ਹੈ ਕਿ ਜਲਦ ਹੀ ਇਸ 'ਤੇ ਅਹਿਮ ਫੈਸਲਾ ਲਿਆ ਜਾਵੇਗਾ। ਇਸ ਮੌਕੇ ਡਾ. ਬਲਵੀਰ ਸਿੰਘ ਪੰਜਗਰਾਈ, ਡਾ. ਹਰਭਜਨ ਸਿੰਘ ਖਾਲਸਾ, ਡਾ. ਗੁਰਤੇਜ ਸਿੰਘ ਦਾਨਾ ਰਮਾਣਾ, ਡਾ. ਵਿਜੇ ਕੁਮਾਰ, ਡਾ. ਨਰੇਸ਼ ਕੁਮਾਰ ਭਾਣਾ, ਡਾ. ਜਗਦੀਸ਼ ਦੁਆ, ਸੀਨੀਅਰ ਮੀਤ ਪ੍ਰਧਾਨ ਡਾ. ਸੇਵਕ ਸਿੰਘ ਬਰਾੜ, ਬਲਾਕ ਕੈਸ਼ੀਅਰ ਡਾ. ਗੁਰਮੀਤ ਸਿੰਘ ਢੁੱਡੀ, ਡਾ. ਖੁਸ਼ਵੰਤ ਸਿੰਘ ਸੁੱਖਣ ਵਾਲਾ, ਡਾ. ਰਜਿੰਦਰ, ਡਾ. ਸੰਦੀਪ ਸੁੱਖਣਾ ਵਾਲਾ, ਡਾ. ਧਰਮ ਪਰਵਾਨਾ (ਕਿਲਾ ਨੌ), ਡਾ. ਗੁਰਪ੍ਰੀਤ ਸਿੰਘ, ਮੈਡਮ ਸ਼ਰਨਜੀਤ ਕੌਰ, ਮੈਡਮ ਬਜਾਜ, ਮੈਡਮ ਪੂਨਮ ਅਤੇ ਮੈਡਮ ਮਨਵੀਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ। ਇਹ ਜਾਣਕਾਰੀ ਡਾ. ਯਸ਼ਪਾਲ ਗੁਲਾਟੀ ਵੱਲੋਂ ਪ੍ਰੈਸ ਨੂੰ ਦਿੱਤੀ ਗਈ।

# ਨਸ਼ੇ ਅਤੇ ਹੋਰ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਨਾ ਅਤਿ ਜਰੂਰੀ : ਵਿੱਕੀ ਚੌਧਰੀ/ ਅਸ਼ੋਕ ਕੁਮਾਰ

**ਅਜ਼ਾਦ ਸੋਚ, ਸ਼ੇਖਰ ਗਰਗ, ਧਨੌਲਾ, 17 ਮਾਰਚ:**

---

ਧਨੌਲਾ ਦੇ ਉੱਘੇ ਸਮਾਜਸੇਵੀ ਅਤੇ ਗਰਗ ਫਰਨੀਚਰ ਹਾਊਸ ਦੇ ਐਮ ਡੀ ਵਿਕੀ ਚੌਧਰੀ ਅਤੇ ਉੱਘੇ ਸਮਾਜਸੇਵੀ ਅਤੇ ਬਿਜਨੈਸਮੈਨ ਅਸ਼ੋਕ ਕੁਮਾਰ ( ਕਾਲੇਕੇ ਵਾਲੇ ) ਨੇ ਇੱਕ ਵਿਸੇਸ ਗੱਲਬਾਤ ਦੌਰਾਨ ਕਿਹਾ ਕਿ ਨਸੇ ਅਤੇ ਹੋਰ ਬੁਰਾਈਆਂ ਸਾਡੇ ਸਮਾਜ ਦੇ ਮੱਥੇ ਉਪਰ ਕਲੰਕ ਹਨ, ਇਨ੍ਹਾਂ ਦਾ ਖਾਤਮਾ ਕਰਨਾ ਅਤਿ ਜਰੂਰੀ ਹੈ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਸਾਂਝੇ ਤੌਰ 'ਤੇ ਯਤਨ ਕਰਨੇ ਚਾਹੀਦੇ ਹਨ। ਇਸਦੇ ਨਾਲ ਨਾਲ ਸਾਨੂੰ ਸਮਾਜ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿਸਾ ਲੈਣਾ ਚਾਹੀਦਾ ਹੈ ਅਤੇ ਲੋੜਵੰਦਾਂ ਦੀ ਮਦਦ ਵੀ ਕਰਨੀ ਚਾਹੀਦੀ ਹੈ। ਵਿਕੀ ਚੌਧਰੀ ਨੇ ਕਿਹਾ ਕਿ ਸਾਨੂੰ ਨਸੇ ਅਤੇ ਹੋਰ ਸਮਾਜਿਕ ਬੁਰਾਈਆ ਦੇ ਖਾਤਮੇ ਲਈ ਮਿਲਜੁਲ ਕੇ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਸਾਡਾ ਪੰਜਾਬ ਮੁੜ ਤੋਂ ਰੰਗਲਾਂ ਪੰਜਾਬ ਬਣ ਸਕੇ। ਓਹਨਾ ਨੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਪੰਜਾਬ ਦਾ ਦੁਖਾਂਤ ਇਹ ਵੀ ਹੈ ਕਿ ਨਸ਼ਿਆਂ ਦੇ ਡਰ ਕਾਰਨ ਬਹੁਤੇ ਮਾਪੇ ਆਪਣੀ ਔਲਾਦ ਨੂੰ ਵਿਦੇਸ਼ ਭੇਜਣ ਲੱਗੇ ਹਨ। ਸ ਟ ਡੀ ਵੀਜ਼ਾ 'ਤੇ ਬੱਚਿਆਂ ਨੂੰ ਵਿਦੇਸ਼ ਭ ਜ ਣ ਲਈ





ਮਾਪੇ ਵੱਡੀਆਂ ਰਕਮਾਂ ਖਰਚ ਕਰਦੇ ਹਨ। ਕਈ ਵਾਰ ਇਸ ਵਾਸਤੇ ਕਰਜ਼ਾ ਵੀ ਚੁੱਕਿਆ ਜਾਂਦਾ ਹੈ। ਪੜ੍ਹਾਈ ਲਈ ਵਿਦੇਸ਼ ਗਏ ਬੱਚੇ ਫਿਰ ਉੱਥੇ ਹੀ ਵਸ ਜਾਂਦੇ ਹਨ। ਇਸ ਤਰ੍ਹਾਂ ਜਿੱਥੇ ਪੰਜਾਬ ਵਿਚੋਂ ਸਰਮਾਇਆ ਵੱਡੇ ਪੱਧਰ 'ਤੇ ਵਿਦੇਸ਼ਾਂ 'ਚ ਜਾ ਰਿਹਾ ਹੈ, ਉੱਥੇ ਸੂਬਾ ਹੋਣਹਾਰ ਤੇ ਕਾਬਿਲ ਨੌਜਵਾਨ ਪੀੜ੍ਹੀ ਤੋਂ ਵੀ ਸੱਖਣਾ ਹੋ ਰਿਹਾ ਹੈ। ਇਸ ਦਾ ਅਸਰ ਸੂਬੇ ਦੀ ਆਰਥਿਕਤਾ ਅਤੇ ਵਪਾਰ 'ਤੇ ਨਜ਼ਰ ਆਉਣ ਲੱਗ ਪਿਆ ਹੈ।ਸਮਾਜਸੇਵੀ ਅਸ਼ੋਕ ਕੁਮਾਰ ( ਕਾਲੇਕੇ ਵਾਲੇ ) ਨੇ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਇਹ ਹੋਰ ਵੀ ਪ੍ਰਤੱਖ ਹੋ ਜਾਵੇਗਾ ਕਿਉਂਕਿ ਜਿਸ ਪੀੜ੍ਹੀ ਦੇ ਸਿਰ 'ਤੇ ਆਰਥਿਕਤਾ ਦਾ ਪਹੀਆ ਘੁੰਮਣਾ ਹੈ, ਉਹ ਹੀ ਇੱਥੇ ਨਹੀਂ ਰਹੇਗੀ ਤਾਂ ਵਿਕਾਸ ਦੀ ਰਫ਼ਤਾਰ ਜ਼ਰੂਰ ਘਟੇਗੀ, ਉਨ੍ਹਾਂ ਕਿਹਾ ਕਿ ਨਸੇ ਅਤੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨਾ ਕਿਸੇ ਇੱਕ ਇੱਕਲੇ ਵਿਅਕਤੀ ਜਾਂ ਸਰਕਾਰ ਦਾ ਕੰਮ ਨਹੀ ਹੈ, ਇਸ ਵਾਸਤੇ ਸਾਂਝੇ ਯਤਨਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਿਰੋਏ ਸਮਾਜ ਦੀ ਸਿਰਜਣਾ ਲਈ ਸਾਂਝੇ ਤੌਰ ਤੇ ਯਤਨ ਕਰਨਾ ਅਤਿ ਜਰੂਰੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਵੀ ਪੂਰੀ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਦੇ ਹੋਏ ਇਕ ਨਿਰੋਏ ਸਮਾਜ ਦੀ ਸਿਰਜਣਾ ਹੋ ਸਕੇ।

# ਅਧਿਆਪਕਾਂ ਦੀ ਸੇਵਾ ਸੁਰੱਖਿਆ ਦੀ ਬਜਾਏ ਪੁਲਸੀਆ ਤਸ਼ੱਦਦ ਵਿਰੁੱਧ ਸਰਕਾਰ ਦੀਆਂ ਅਰਥੀਆਂ ਫੂਕੀਆਂ




**ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 17 ਮਾਰਚ:**

---

ਸਾਂਝਾ ਅਧਿਆਪਕ ਮੋਰਚਾ ਵੱਲੋ ਦਿੱਤੇ ਸੱਦੇ ਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਫ਼ਰੀਦਕੋਟ ਵੱਲੋਂ ਜਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਸੁੱਖੀ ਦੀ ਅਗਵਾਈ ਵਿੱਚ ਵਿਧਾਨ ਸਭਾ ਦੇ ਸਪੀਕਰ ਸ ਕੁਲਤਾਰ ਸਿੰਘ ਸੰਧਵਾਂ ਦੇ ਘਰ ਸੰਧਵਾਂ ਵਿਖੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਸੁਪਰੀਮ ਕੋਰਟ ਰਾਹੀਂ ਟੈੱਟ ਦੀ ਬਿਲਕੁਲ ਬੇਲੋੜੀ, ਗੈਰਵਿਧਾਨਿਕ ਸ਼ਰਤ ਜਬਰੀ ਥੋਪਣ, ਪੰਜਾਬ ਸਰਕਾਰ ਵਲੋਂ ਬਜਟ ਸੈਸ਼ਨ ਦੌਰਾਨ ਅਧਿਆਪਕਾਂ ਦੀ ਸੇਵਾ ਸੁਰੱਖਿਆ ਲਈ ਬਿੱਲ ਨਾ ਲਿਆਉਣ, ਸੁਪਰੀਮ ਕੋਰਟ ਵਿੱਚ ਰੀਵਿਊ ਪਟੀਸ਼ਨ ਦਾਖਲ ਨਾ ਕਰਨ, ਸਿੱਖਿਆ ਵਿਭਾਗ ਵਲੋਂ ਕੁਝ ਵਰਗਾਂ ਨੂੰ ਟੈੱਟ ਤੋਂ ਛੋਟ ਦੇਣ ਦਾ ਪੱਤਰ ਰੱਦ ਕਰਨ, ਸੰਘਰਸ਼ ਦੌਰਾਨ ਜਲ ਤੋਪਾਂ, ਲਾਠੀਚਾਰਜ ਅਤੇ ਅਥਰੂ ਗੈਸ ਦੇ ਗੋਲਿਆਂ ਦੀ ਅੰਨ੍ਹੇਵਾਹ ਵਰਤੋਂ ਕਰਕੇ ਅਧਿਆਪਕਾਂ ਨੂੰ ਜਖਮੀ ਕਰਕੇ ਰਾਸ਼ਟਰ ਨਿਰਮਾਤਾ ਅਧਿਆਪਕਾਂ ਦੇ ਮਾਨ ਸਨਮਾਨ ਨੂੰ ਸੱਟ ਮਾਰਨ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ। ਇਸ ਮੌਕੇ ਗਗਨ ਪਾਹਵਾ ਅਤੇ ਹਰਜਸਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਚਾਰ ਸਾਲ ਦੇ ਕਾਰਜਕਾਲ ਵਿੱਚ ਅਧਿਆਪਕਾਂ ਦੀ ਕਿਸੇ ਵੀ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਅਧਿਆਪਕਾਂ ਦੇ ਹਰ ਵਰਗ ਤੇ ਪੁਲਸੀਆ ਤਸ਼ੱਦਦ ਹੀ ਕੀਤਾ ਹੈ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਲੰਗੜਾ ਨੋਟੀਫਿਕੇਸ਼ਨ ਜਾਰੀ ਕਰਨ ਦੇ ਬਾਵਜੂਦ ਹੁਣ ਤੱਕ ਲਾਗੂ ਨਹੀਂ ਕੀਤੀ ਗਈ, ਤਨਖਾਹ ਦੁਹਰਾਈ ਦੇ ਬਕਾਏ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਜਾਰੀ ਕੀਤੀਆਂ ਕਿਸ਼ਤਾਂ ਦੇ ਬਕਾਏ ਮਿੱਟੀ ਘੱਟੇ ਰਲਾ ਦਿੱਤੇ ਗਏ ਹਨ, ਸੋਧਣ ਦੇ ਨਾਂ ਤੇ ਬੰਦ ਕੀਤੇ ਸਮੁੱਚੇ ਭੱਤੇ ਬਹਾਲ ਨਹੀਂ ਕੀਤੇ ਜਾ ਰਹੇ, ਤਨਖਾਹ ਕਮਿਸ਼ਨ ਦੀ ਪੂਰੀ ਰਿਪੋਰਟ ਵੀ ਜਾਰੀ ਨਹੀਂ ਕੀਤੀ ਗਈ, ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਤੇ ਸਕੂਲ ਮੁਖੀਆਂ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਹੋਣ ਦੇ ਬਾਵਜੂਦ ਬੇਰੁਜ਼ਗਾਰ ਅਧਿਆਪਕਾਂ ਨੂੰ ਰੁਜ਼ਗਾਰ ਨਹੀਂ ਦਿੱਤਾ ਜਾ ਰਿਹਾ। ਸਰਕਾਰ ਵਲੋਂ ਖਜ਼ਾਨਾ ਭਰੇ ਹੋਣ ਦੇ ਦਮਗਜੇ ਮਾਰੇ ਜਾ ਰਹੇ ਹਨ, ਪਰ ਅਧਿਆਪਕਾਂ ਦੇ ਵਿੱਤੀ ਮਸਲੇ ਹੱਲ ਨਹੀਂ ਕੀਤੇ ਜਾ ਰਹੇ, ਬਹੁਗਿਣਤੀ ਅਧਿਆਪਕ ਫਰਵਰੀ ਮਹੀਨੇ ਦੀ ਤਨਖਾਹ ਨੂੰ ਤਰਸ ਰਹੇ ਹਨ। ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ ਸੇਵਾ ਨਿਭਾ ਰਹੇ ਅਧਿਆਪਕਾਂ ਦੇ ਸਿਰ ਤੇ ਛਾਂਟੀ ਦੀ ਤਲਵਾਰ ਲਟਕਾ ਦਿੱਤੀ ਗਈ ਹੈ। ਇਸ ਪ੍ਰਦਰਸ਼ਨ ਵਿੱਚ ਪ੍ਰਦੀਪ ਸਿੰਘ, ਸਵਰਨਪਾਲ ਸਿੰਘ, ਗੁਰਪਰੀਤ ਸਿੰਘ, ਹਰਵਰਿੰਦਰ ਸਿੰਘ, ਮਦਨ ਲਾਲ, ਦੀਪਕ ਆਹੂਜਾ, ਮਹੇਸ਼ ਸ਼ਰਮਾ, ਜਸਪ੍ਰੀਤ ਸਿੰਘ, ਜਤਿੰਦਰ ਸਿੰਘ, ਪ੍ਰਵੀਨ ਕੁਮਾਰ, ਗੁਰਬਿੰਦਰ ਸਿੰਘ, ਰਾਜ ਕੁਮਾਰ ਟੋਨੀ, ਸਵਰਾਜ ਸਿੰਘ ਮਾਨ, ਰਿੰਕੂ ਕੁਮਾਰ, ਸੰਗੀਤਾ ਰਾਣੀ, ਦਿਨੇਸ਼ ਕੁਮਾਰ ਆਦਿ ਹਾਜ਼ਰ ਸਨ।

# ਵਿੱਦਿਆ ਰਤਨ ਕਾਲਜ ਵਿਖੇ ਕਰਵਾਇਆ ਕਾਵਿ ਸੰਮੇਲਨ

**ਅਜਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 17 ਮਾਰਚ :**

---

ਵਿਦਿਆ ਰਤਨ ਕਾਲਜ ਖੋਖਰ ਕਲਾਂ ਵਿਖੇ ਕਾਵਿ ਸੰਮੇਲਨ ਕਰਵਾਇਆ ਗਿਆ।ਇਸ ਕਾਵਿ ਸੰਮੇਲਨ ਵਿੱਚ ਕਾਲਜ ਦੀਆਂ ਪਾਸ ਹੋ ਚੁੱਕੀਆਂ ਵਿਦਿਆਰਥਣਾਂ ਰਜਿੰਦਰ ਰਾਣੀ ਅਤੇ ਜਸਪ੍ਰੀਤ ਕੌਰ ਜੱਸਲ ਜੋ ਕਿ ਸਾਹਿਤ ਦੇ ਖੇਤਰ ਵਿੱਚ ਵੱਡਾ ਨਾਮਣਾ ਖੱਟ ਚੁੱਕੀਆਂ ਹਨ ਨੇ ਹਿੱਸਾ ਲਿਆ। ਰਜਿੰਦਰ ਰਾਣੀ ਦੀਆਂ "ਆਓ ਸਿੱਖੀਏ ਕਿਤਾਬਾਂ ਚੋਂ "ਵੱਖ ਵੱਖ ਸਮੇਂ ਅਖ਼ਬਾਰਾਂ, ਮੈਗਜ਼ੀਨਾਂ ਤੇ ਰਸਾਲਿਆਂ ਵਿੱਚ ਵਾਰਤਕ, ਕਹਾਣੀਆਂ , ਕਵਿਤਾਵਾਂ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਜਿਵੇਂ ਪੰਜਾਬੀ ਜਾਗਰਣ, ਪੰਜ ਦਰਿਆ, ਸੱਚ ਕਹੂੰ ,ਅੱਜ ਦੀ ਆਵਾਜ਼, ਸਾਂਝ, ਦੇਸ ਵਿਦੇਸ਼ ਕਨੇਡਾ ਟਾਈਮਜ਼, ਪੰਜਾਬ ਟਾਈਮਜ਼ ਆਦਿ, ਮੈਗਜ਼ੀਨ ਤੇ, ਤ੍ਰਿੰਝਣ, ਮਿੰਨੀ, ਛਿਣ, ਅੱਜ ਦੀ ਆਵਾਜ਼, ਆੜੀ, ਏਕਮ, ਮਹਿਰਮ, ਤਨੀਸ਼ਾ, ਨਿੱਕੀਆਂ ਕਰੂੰਬਲਾਂ ਮੈਗਜ਼ੀਨ ਆਦਿ। 250 ਤੋਂ ਵੱਧ ਵਾਰਤਕ ਸਿੱਖਿਅਕ, ਪ੍ਰੇਰਨਾਦਾਇਕ ,ਸਮਾਜਿਕ, ਪਰਿਵਾਰਕ, ਸੱਭਿਆਚਾਰ ਵਿਰਸੇ ਨਾਲ ਸਬੰਧਤ ਆਰਟੀਕਲ ਅਖ਼ਬਾਰਾਂ, ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਜਸਪ੍ਰੀਤ ਜੱਸਲ ਜੋ ਕਿ ਕਿਤਾਬ ਲੋਕ ਅਰਪਣ, ਕਾਵਿ ਮਿਲਣੀ ,ਸੰਦਲੀ ਸਿਰਜਣਾ, ਸਬਦ ਸੁਨੇਹੇ ,ਦੋ ਸਾਂਝੇ ਕਾਵਿ ਸੰਗ੍ਰਹਿ ਦੀ ਸਿਰਜਣਾ ਕਰ ਚੁੱਕੀ ਹੈ । ਉਹ ਬਹੁਤ ਸਾਰੇ ਕਵੀ ਦਰਬਾਰ, ਕਿਤਾਬ ਲੋਕ ਅਰਪਣ, ਕਾਵਿ ਮਿਲਣੀਆਂ ਦਾ ਹਿੱਸਾ ਬਣ ਚੁੱਕੀ ਹੈ। ਦੋਨੋਂ ਕਵਿਤਰੀਆਂ ਨੇ ਵਿਦਿਆਰਥਣਾਂ ਨਾਲ ਆਪਣਾ ਸਾਹਿਤਕ ਸਫਰ ਸਾਂਝਾ ਕੀਤਾ।ਇਸ ਕਾਵਿ ਸੰਮੇਲਨ ਨੂੰ ਐਚ.ਓ.ਡੀ ਐਜੂਕੇਸ਼ਨ ਮੈਡਮ ਮੰਜੂ ਬਾਲਾ ਅਤੇ ਐਚ.ਓ.ਡੀ ਮਾਸਟਰਜ਼ ਮੈਡਮ ਗੁਰਦੀਪ ਕੌਰ ਨੇ ਆਯੋਜਿਤ ਕੀਤਾ ? ਮਹਿਮਾਨ ਕਵਿਤਰੀਆਂ ਨੂੰ ਕਾਲਜ ਪ੍ਰਿੰਸੀਪਲ ਡਾਕਟਰ ਮਨਦੀਪ ਸ਼ਰਮਾ ਜੀ ਵੱਲੋਂ ਯਾਦਗਾਰ ਚਿੰਨ ਭੇਟ ਕੀਤੇ ਗਏ। ਇਸ ਮੌਕੇ ਕਾਲਜ ਦੇ ਚੇਅਰਮੈਨ ਸ਼੍ਰੀ ਚੈਰੀ ਗੋਇਲ ਅਤੇ ਐਮ.ਡੀ.ਹਿਮਾਸ਼ੂ ਗਰਗ ਜੀ ਨੇ ਕਿਹਾ ਕਿ ਸੰਸਥਾ ਹਮੇਸ਼ਾ ਹੀ ਵਿਦਿਆਰਥਣਾਂ ਨੂੰ ਅਜਿਹੇ ਮੰਚ ਦੇਣ ਲਈ ਯਤਨਸ਼ੀਲ ਰਹੇਗੀ।

# ਸੀਪੀਆਈ ਐਮ ਦੇ ਸੰਗਰੂਰ ਪੁੱਜੇ ਜੱਥਾ ਮਾਰਚ ਦਾ ਗਰਮਜੋਸ਼ੀ ਨਾਲ ਸਵਾਗਤ

**ਆਜ਼ਾਦ ਸੋਚ, ਸੰਗਰੂਰ,17 ਮਾਰਚ:**

---

ਕੇਂਦਰ ਦੀਆਂ ਨੀਤੀਆਂ ਖਿਲਾਫ਼ ਸੀਪੀਆਈ ਐਮ ਦੇ ਸੂਬਾ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਦੀ ਅਗਵਾਈ ਵਿੱਚ ਸੰਗਰੂਰ ਪੁੱਜੇ ਜਥੇ ਦਾ ਚਮਕੌਰ ਸਿੰਘ ਖੇੜੀ ਜਿਲਾ ਸਕੱਤਰ ਸੀਪੀਆਈ ਐਮ ਸੰਗਰੂਰ ਨੇ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ। ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਸਾਹਮਣੇ ਵੱਡੀ ਗਿਣਤੀ ਇਕੱਤਰ ਹੋਏ ਆਗੂਆ ਵੱਲੋਂ ਜੱਥੇ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸੰਗਰੂਰ ਵਿਖੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਸੁਖਵਿੰਦਰ ਸਿੰਘ ਸੇਖੋ ਸੂਬਾ ਸਕੱਤਰ ਸੀਪੀਆਈਐਮ ਪੰਜਾਬ ਨੇ ਕਿਹਾ ਕਿ ਅਮਰੀਕਾ ਇਜ਼ਰਾਇਲ ਵੱਲੋਂ ਮਿਲ ਕੇ ਈਰਾਨ ਤੇ ਹਮਲਾ ਕੀਤਾ ਗਿਆ ਹੈ, ਉਸ ਦੀ ਸੀਪੀਆਈ ਐਮ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਉਨਾਂ ਇਹ ਵੀ ਆਖਿਆ ਕਿ ਭਾਰਤ ਵੱਲੋਂ ਅਮਰੀਕਾ ਨਾਲ ਜਿਹੜੀ ਵਪਾਰ ਸੰਧੀ ਕੀਤੀ ਗਈ ਹੈ ਉਸ ਵਿੱਚ ਵੀ ਅਮਰੀਕਾ ਨੇ ਮਨਮਰਜ਼ੀ ਕੀਤੀ ਹੈ ਭਾਰਤ ਸਰਕਾਰ ਨੇ ਥੱਲੇ ਲੱਗ ਕੇ ਗੁਪਤ ਤਰੀਕੇ ਨਾਲ ਇਹ ਸੰਧੀ ਕੀਤੀ ਹੈ। ਉਨਾਂ ਆਖਿਆ ਕਿ ਇਹ ਪਹਿਲੀ ਵਾਰੀ ਹੋਇਆ ਕਿ ਯੂਐਸਏ ਨਾਲ ਭਾਰਤ ਦੀ ਮੁਕਤ ਵਪਾਰ ਸੰਧੀ ਹੋਈ ਉਸ ਦਾ ਬਿਆਨ ਸਿਰਫ਼ ਵਾਇਟ ਹਾਊਸ ਵੱਲੋਂ ਜਾਰੀ ਹੋਇਆ ਭਾਰਤ ਵੱਲੋਂ ਜਾਰੀ ਹੀ ਨਹੀਂ ਹੋਇਆ। ਅਸੀਂ ਇਸ ਸੰਧੀ ਦੀ ਵੀ ਆਲੋਚਨਾ ਕਰਦੇ ਹਾਂ। ਕਾਮਰੇਡ ਕੇਐਨ ਉਮੇਸ਼ ਪੰਜਾਬ ਦੇ ਇਨਚਾਰਜ ਮੈਂ ਬੋਲਦੇ ਹੋਏ ਕਿਹਾ ਕਿ ਨਰਿੰਦਰ ਮੋਦੀ ਨੇ 2014 ਤੋਂ ਲੈ ਕੇ ਹੁਣ ਤੱਕ ਅਮਰੀਕਾ ਦੀ ਅਧੀਨਗੀ ਵਾਲਾ ਜਿਹੜਾ ਪਦ ਹਾਸਲ ਕੀਤਾ ਹੈ। ਉਨਾਂ ਇਹ ਵੀ ਆਖਿਆ ਕਿ ਅਸੀਂ 24 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਗਰਾਊਂਡ ਦੇਸ਼ ਵਿਆਪੀ ਰੈਲੀ ਕਰ ਰਹੇ ਹੈ ਜਿਸ ਵਿੱਚ ਅਮਰੀਕਾ ਭਾਰਤ ਦੀ ਮੁਕਤ ਵਪਾਰ ਸੰਧੀ ਦਾ ਹੀ ਵੱਡਾ ਵਿਸ਼ਾ ਹੈ। ਇਸ ਤੋਂ ਇਲਾਵਾ ਮਨਰੇਗਾ ਵਿੱਚ ਬਦਲਾਅ, ਖੇਤੀ ਬਿਜਲੀ ਤੇ ਬੀਜਾਂ ਨਾਲ ਸਬੰਧਿਤ ਕਾਨੂੰਨਾਂ ਬਾਰੇ ਵਿਸਥਾਰ ਚਰਚਾ ਕੀਤੀ ਜਾਵੇਗੀ। ਉਨਾਂ ਹੋਰ ਦੱਸਿਆ ਕਿ ਅਸੀਂ 11 ਮਾਰਚ ਤੋਂ ਆਰੰਭ ਹੋਏ ਜਥਾ ਮਾਰਚ ਦੇ 20 ਮਾਰਚ ਤੱਕ ਸਾਰੇ ਪੰਜਾਬ 'ਚ ਜੱਥਾ ਮਾਰਚ ਕਰਾਂਗੇ ਅਤੇ ਇਹ ਜਥਾ ਮਾਰਚ ਸ਼ਹੀਦਾਂ ਦੇ ਪਿੰਡ ਸੁਰ ਸਿੰਘ ਵਾਲਾ ਤੋਂ ਜਿਹੜਾ ਤਰਨਤਾਰਨ ਜਿਲੇ ਚ ਪੈਂਦਾ ਹੈ, ਤੋਂ ਸ਼ੁਰੂ ਕੀਤਾ ਹੈ। 20 ਮਾਰਚ ਨੂੰ ਖਟਕੜ ਕਲਾਂ ਭਗਤ ਸਿੰਘ ਦੇ ਪਿੰਡ ਵੀ ਜਾਵਾਂਗੇ। ਇਸ ਮੌਕੇ ਅਸੀਂ ਪੰਜਾਬ ਦੇ ਲੋਕਾਂ ਨੂੰ ਭਾਰਤ ਅਮਰੀਕਾ ਮੁਕਤ ਵਪਾਰ ਸੰਧੀ, ਮਨੇਰੇਗਾ ਵਿੱਚ ਕੀਤੇ ਬਦਲਾਅ, ਖੇਤੀ, ਬਿਜਲੀ ਤੇ ਬੀਜਾਂ ਨਾਲ ਸਬੰਧਿਤ ਨੀਤੀ ਬਾਰੇ ਕੇਂਦਰ ਸਰਕਾਰ ਦੀਆਂ ਵੱਡੇ ਵਪਾਰੀਆਂ ਨੂੰ ਖੁਸ਼ ਕਰਨ ਵਾਲੀਆਂ ਗੱਲਾਂ ਬੇਪਰਦ ਕੀਤੀਆਂ ਜਾਣਗੀਆਂ। ਇਸ ਮੌਕੇ ਕਾਮਰੇਡ ਭੂਪ ਚੰਦ ਚੰਨੋ ਨੇ ਜਥੇ ਨੂੰ ਜੀ ਆਇਆਂ ਕਿਹਾ। ਇਸ ਮੌਕੇ ਕਾਮਰੇਡ ਜਤਿੰਰਪਾਲ ਸਿੰਘ ਸੂਬਾ ਸਕੱਤਰੇਤ ਮੈਂਬਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਇੰਦਰਜੀਤ ਸਿੰਘ ਛੰਨਾ, ਜੋਗਾ ਸਿੰਘ ਉਪਲੀ, ਡੀ ਵਾਈ ਐਫ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਸੁਖਵਿੰਦਰ ਸਿੰਘ ਸੁੱਖੀ ਛੰਨਾਂ , ਸਿੰਗਾਰਾ ਸਿੰਘ ਬਲਿਆਲ ਕਾਮਰੇਡ ਅਨੀਕੇਤ ਵਾਸੂ ਇਹਨਾਂ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ ਵਿੱਚ ਮਜ਼ਦੂਰ ਆਗੂ ਸ਼ਾਮਿਲ ਸਨ ।

**ਐਲ&ਟੀ ਫਾਇਨਾਂਸ ਲਿਮਿਟਿਡ**
(ਪਹਿਲਾਂ ਦਾ ਨਾਮ ਐਲ&ਟੀ ਫਾਇਨਾਂਸ ਹੋਲਡਿੰਗਜ਼ ਲਿਮਿਟਿਡ)
**ਰਜਿਸਟਰਡ ਦਫ਼ਤਰ:** ਐਲ&ਟੀ ਫਾਇਨਾਂਸ ਲਿਮਿਟਿਡ, ਬ੍ਰਿੰਦਾਵਨ ਬਿਲਡਿੰਗ, ਪਲਾਟ ਨੰਬਰ 177, ਕਾਲੀਨਾ, ਸੀਐਸਟੀ ਰੋਡ, ਮਰਸਡੀਜ਼ ਸ਼ੋਅਰੂਮ ਦੇ ਨੇੜੇ, ਸਾਂਤਾਕਰੂਜ਼ (ਪੂਰਬ), ਮੁੰਬਈ 400 098
**CIN No.:** L67120MH2008PLC181833
**ਬ੍ਰਾਂਚ ਦਫ਼ਤਰ:** ਪੰਜਾਬ

L&T Finance

### ਸੋਨੇ ਦੀ ਨਿਲਾਮੀ ਦਾ ਨੋਟਿਸ

ਸਾਰੇ ਸਬੰਧਤ ਵਿਅਕਤੀਆਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀਆਂ ਹੇਠਾਂ ਦਿੱਤੀਆਂ ਸ਼ਾਖਾਵਾਂ ਵਿੱਚ ਸਬੰਧਤ ਲੋਨ ਸੰਖਿਆ ਦੇ ਤਹਿਤ ਗਿਰਵੀ ਰੱਖੇ ਗਏ ਸੋਨੇ ਦੇ ਗਹਿਣੇ, ਜੋ ਰਿਡੈਂਪਸ਼ਨ ਲਈ ਅਤਿਦੇਅ ਸਨ ਅਤੇ ਜਿਹਨਾਂ ਨੂੰ ਕੰਪਨੀ ਦੁਆਰਾ ਵਾਰ-ਵਾਰ ਨੋਟਿਸ ਦਿੱਤੇ ਜਾਣ ਦੇ ਬਾਵਜੂਦ ਸਬੰਧਤ ਗਾਹਕਾਂ ਦੁਆਰਾ ਹੁਣ ਤੱਕ ਰਿਡੀਮ ਨਹੀਂ ਕੀਤਾ ਗਿਆ ਸੀ, ਉਹਨਾਂ ਦੀ ਨਿਲਾਮੀ ਕੰਪਨੀ ਦੀ ਸਬੰਧਤ ਸ਼ਾਖਾ ਦੇ ਦਫ਼ਤਰਾਂ ਵਿੱਚ **ਸ਼ੁੱਕਰਵਾਰ 27 ਮਾਰਚ 2026** ਨੂੰ ਹੇਠਾਂ ਦਿੱਤੇ ਵੇਰਵੇ ਦੇ ਅਨੁਸਾਰ ਕੀਤੀ ਜਾਵੇਗੀ:-

1 . ਅਜਨਾਲਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਦੁਕਾਨ ਨੰਬਰ 1 ਗਲੀ ਭੱਟੀ ਵਾਲੀ, ਮੁਥੂਟ ਫਾਇਨਾਂਸ ਦੇ ਸਾਹਮਣੇ, ਅਜਨਾਲਾ। ਪਿਨ ਕੋਡ - 143102. ਫ਼ੋਨ - 9501006235 ਲੋਨ ਨੰਬਰ - 127210000015532, 127210000015591, 127210000015596, 127210000015601, 127210000015694, 127210000015702 (ਸਮਾਂ ਸਵੇਰੇ 11:00 ਵਜੇ)

2. ਅਮਲੋਹ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ ਖਾਤਾ ਨੰਬਰ 93/94, ਖਤੌਨੀ ਨੰਬਰ 214, ਮੇਨ ਰੋਡ, ਨੇੜੇ ਮਾਘੀ ਕਾਲਜ ਚੌਕ, ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਪੰਜਾਬ। ਪਿਨ ਕੋਡ - 147203. ਫੋਨ -9875973304 ਲੋਨ ਨੰਬਰ - 186210000001400 (ਸਮਾਂ ਸਵੇਰੇ 11:00 ਵਜੇ)

3. ਅੰਮ੍ਰਿਤਸਰ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਦੁਕਾਨ ਨੰਬਰ 5, ਕੋਰਟ ਰੋਡ, ਦੋਆਬਾ ਆਟੋਮੋਬਾਈਲਜ਼ ਦੇ ਸਾਹਮਣੇ, ਦੀਪ ਕੰਪਲੈਕਸ, ਅੰਮ੍ਰਿਤਸਰ। ਪਿਨ ਕੋਡ - 143001. ਫ਼ੋਨ - 9501502761 ਲੋਨ ਨੰਬਰ - 110210000018017, 110210000018122, 110210000018141, 110210000018145, 110210000018164, 110210000018212 (ਸਮਾਂ ਸਵੇਰੇ 11:00 ਵਜੇ)

4. ਬਨੂੜ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਦੁਕਾਨ ਨੰਬਰ ਚ, ਵਾਰਡ ਨੰਬਰ 1, ਕੈਨਰਾ ਬੈਂਕ ਦੇ ਨੇੜੇ, ਟੋਲ ਬੈਰੀਅਰ, ਚੰਡੀਗੜ੍ਹ-ਪਟਿਆਲਾ ਹਾਈਵੇ, ਬਨੂੜ। ਪਿਨ ਕੋਡ - 140601 ਫ਼ੋਨ - 7657833313 ਲੋਨ ਨੰਬਰ - 171210000003173, 171210000003280, 171210000003347, 171210000003365 (ਸਮਾਂ ਸਵੇਰੇ 11:00 ਵਜੇ).

5. ਬਰਨਾਲਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, B12 256 257 258 259, ਪੱਕਾ ਕਾਲਜ ਰੋਡ, ਦਰਬਾਰੀ ਲਾਲ ਟੰਡਨ ਹਾਊਸ ਦੇ ਸਾਹਮਣੇ, ਬਰਨਾਲਾ, ਪੰਜਾਬ। ਪਿਨ ਕੋਡ - 148101 ਫ਼ੋਨ - 7087003147 ਲੋਨ ਨੰਬਰ - 118210000010815, 118210000010821, 118210000010822, 118210000010863, 118210000010885, 118210000010892, 118210000010901, 118210000010902, 118210000010918, 118210000011042, 118210000011093, 118210000011096, 118210000011126, 118210000011135, 118210000011137, 118210000011144, 118210000011145 (ਸਮਾਂ ਸਵੇਰੇ 11:00 ਵਜੇ)

6. ਬਠਿੰਡਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਗਲੀ ਸੁੱਚਾ ਸਿੰਘ ਨੰਬਰਦਾਰ ਵਾਲੀ, ਬਠਿੰਡਾ, ਪੰਜਾਬ। ਪਿਨ ਕੋਡ - 151001. ਫ਼ੋਨ - 9317766656 ਲੋਨ ਨੰਬਰ - 106210000017027 (ਸਮਾਂ ਸਵੇਰੇ 11:00 ਵਜੇ)

8. ਚੰਡੀਗੜ੍ਹ ਸੈਕਟਰ 37 ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਐਸਸੀਓ-376, ਸੈਕਟਰ 37/D, ਚੰਡੀਗੜ੍ਹ। ਪਿਨ ਕੋਡ - 160036. ਫ਼ੋਨ - 9915312022 ਲੋਨ ਨੰਬਰ - 168210000005530, 168210000005773, 168210000005775, 168210000005929, 168210000005991 (ਸਮਾਂ ਸਵੇਰੇ 11:00 ਵਜੇ)

9. ਦੇਵੀਗੜ੍ਹ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਪੰਜਾਬ ਨੈਸ਼ਨਲ ਬੈਂਕ ਦੇ ਨਾਲ, ਮੇਨ ਰੋਡ ਪਟਿਆਲਾ ਪਿਹੋਵਾ ਰੋਡ, ਦੇਵੀਗੜ੍ਹ, ਜ਼ਿਲ੍ਹਾ - ਪਟਿਆਲਾ, ਪੰਜਾਬ। ਪਿਨ ਕੋਡ -147151 ਫ਼ੋਨ - 9875942439 ਲੋਨ ਨੰਬਰ - 153210000008532, 153210000008558, 153210000008589, 153210000008664, 153210000008725, 153210000008732, 153210000008768 (ਸਮਾਂ ਸਵੇਰੇ 11:00 ਵਜੇ)

10. ਡੇਰਾਬਾਸੀ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਇਮਾਰਤ ਨੰਬਰ 368, ਸੈਕਟਰ 16, ਗਲੀ ਨੰਬਰ 5, ਆਦਰਸ਼ ਨਗਰ, ਡੇਰਾਬਾਸੀ, ਪੰਜਾਬ। ਪਿਨ ਕੋਡ - 140507 ਫ਼ੋਨ - 9875942438 ਲੋਨ ਨੰਬਰ - 150210000004473, 150210000004491 (ਸਮਾਂ ਸਵੇਰੇ 11:00 ਵਜੇ).

11. ਧੂਰੀ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਧੂਰੀ ਪਿੰਡ ਰੋਡ, ਬੈਂਕ ਰੋਡ ਦੇ ਨੇੜੇ, ਆਈਸੀਆਈਸੀਆਈ ਬੈਂਕ ਦੇ ਸਾਹਮਣੇ, ਤਹਿਸੀਲ। ਧੂਰੀ, ਸੰਗਰੂਰ, ਪੰਜਾਬ। ਪਿਨ ਕੋਡ - 148024. ਫ਼ੋਨ - 7087103230 ਲੋਨ ਨੰਬਰ - 146210000004840, 146210000005070 (ਸਮਾਂ ਸਵੇਰੇ 11:00 ਵਜੇ)

12. ਫਰੀਦਕੋਟ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਗਰਾਊਂਡ ਫਲੋਰ, B-6/320 1 B-6/57, ਸਰਕੂਲਰ ਰੋਡ, ਬਾਲਮੀਕੀ ਚੌਕ, ਫਰੀਦਕੋਟ, ਪੰਜਾਬ। ਪਿਨ ਕੋਡ - 151203 ਫ਼ੋਨ - 7341519454 ਲੋਨ ਨੰਬਰ - 121210000012964, 121210000012982, 121210000013072, 121210000013127, 121210000013306, 121210000013308 (ਸਮਾਂ ਸਵੇਰੇ 11:00 ਵਜੇ)

13. ਫਤਿਹਗੜ੍ਹ ਸਾਹਿਬ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਜੱਸਰ ਕੰਪਲੈਕਸ, ਜੋਤੀ ਸਰੂਪ ਮੋੜ, ਸੈਂਟਰਲ ਬੈਂਕ ਆਫ਼ ਇੰਡੀਆ ਦੇ ਉੱਪਰ, ਸਰਹਿੰਦ ਜ਼ਿਲ੍ਹਾ-ਫਤਿਹਗੜ੍ਹ ਸਾਹਿਬ। ਪਿਨ ਕੋਡ - 140406 ਫ਼ੋਨ - 7341519456 ਲੋਨ ਨੰਬਰ - 120210000013455, 120210000013512 (ਸਮਾਂ ਸਵੇਰੇ 11:00 ਵਜੇ)

14. ਫਿਰੋਜ਼ਪੁਰ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਦ ਮਾਲ, ਸਿੰਗਲਾ ਸਲਿਮਿੰਗ ਸੈਂਟਰ ਦੇ ਨੇੜੇ ਫਿਰੋਜ਼ਪੁਰ ਸ਼ਹਿਰ, ਪੰਜਾਬ। ਪਿਨ ਕੋਡ - 152002 ਫ਼ੋਨ - 7087003133 ਲੋਨ ਨੰਬਰ - 112210000026455, 112210000026746, 112210000026810, 112210000026819, 112210000026824, 112210000026854, 112210000026897, 112210000026915, 112210000026921, 112210000026931, 112210000027063, 112210000027110, 112210000027147, 112210000027251 (ਸਮਾਂ ਸਵੇਰੇ 11:00 ਵਜੇ)

15. ਗੁਰੂ ਹਰਸਹਾਏ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਪੁਰਾਣੀ ਅਨਾਜ ਮੰਡੀ, ਐਚਡੀਐਫਸੀ ਬੈਂਕ ਦੇ ਸਾਹਮਣੇ, ਗੁਰੂ ਹਰਸਹਾਏ, ਜ਼ਿਲ੍ਹਾ- ਫਿਰੋਜ਼ਪੁਰ, ਪੰਜਾਬ। ਪਿਨ ਕੋਡ - 152022 ਫ਼ੋਨ - 7087103229 ਲੋਨ ਨੰਬਰ 143210000010736, 143210000010778, 143210000010795, 143210000010889, 143210000010946, 143210000010995 (ਸਮਾਂ ਸਵੇਰੇ 11:00 ਵਜੇ)

16. ਹੁਸ਼ਿਆਰਪੁਰ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਪ੍ਰਕਾਸ ਕੰਪਲੈਕਸ, ਸਰਕਾਰੀ ਕਾਲਜ ਚੌਕ, ਹੁਸ਼ਿਆਰਪੁਰ, ਪੰਜਾਬ। ਪਿਨ ਕੋਡ - 146001 ਫ਼ੋਨ - 9878492022 ਲੋਨ ਨੰਬਰ - 164210000003586, 164210000003599, 164210000003628, 164210000003761, 164210000003762, 164210000003780, 164210000003787 (ਸਮਾਂ ਸਵੇਰੇ 11:00 ਵਜੇ)

17. ਜੈਤੋ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਮੇਨ ਬਾਜ਼ਾਰ, ਬੀਐਸਐਨਐਲ ਦਫ਼ਤਰ ਦੇ ਨੇੜੇ, ਜੈਤੋ, ਪੰਜਾਬ। ਪਿਨ ਕੋਡ - 151202. ਫ਼ੋਨ - 9501006047 ਲੋਨ ਨੰਬਰ - 126210000019176, 126210000019255 (ਸਮਾਂ ਸਵੇਰੇ 11:00 ਵਜੇ)

18. ਜਲੰਧਰ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਦੁਕਾਨ ਨੰਬਰ 19, ਜੀ.ਟੀ. ਰੋਡ, ਬੀਐਮਸੀ ਚੌਕ ਦੇ ਨੇੜੇ, ਜਲੰਧਰ, ਪੰਜਾਬ। ਪਿਨ ਕੋਡ - 144001 ਫ਼ੋਨ - 9875910021 ਲੋਨ ਨੰਬਰ - 113210000007590, 113210000007747 (ਸਮਾਂ ਸਵੇਰੇ 111:00 ਵਜੇ)

19. ਖੰਨਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਦੁਕਾਨ ਨੰਬਰ B007 00640, ਗਰਾਊਂਡ ਫਲੋਰ, ਯੈੱਸ ਬੈਂਕ ਦੇ ਨਾਲ, ਲਲਹੇੜੀ ਚੌਕ, ਮੇਨ ਜੀਟੀ ਰੋਡ, ਖੰਨਾ। ਪਿਨ ਕੋਡ - 141401. ਫ਼ੋਨ - 9569190153 ਲੋਨ ਨੰਬਰ - 109210000010792, 109210000010869, 109210000010891, 109210000010892, 109210000011003, 109210000011006, 109210000011105 (ਸਮਾਂ ਸਵੇਰੇ 11:00 ਵਜੇ)

20. ਖਰੜ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਗਰਾਊਂਡ ਫਲੋਰ, ਐਸਸੀਓ ਨੰਬਰ 3, ਬਾਂਸਾਂਵਾਲੀ ਚੁੰਗੀ, ਸਿਟੀ ਹਾਰਟ ਦੇ ਸਾਹਮਣੇ, ਚੰਡੀਗੜ੍ਹ-ਲੁਧਿਆਣਾ ਹਾਈਵੇ, ਖਰੜ। ਪਿਨ ਕੋਡ - 140301. ਫ਼ੋਨ - 9041355575 ਲੋਨ ਨੰਬਰ - 176210000003614, 176210000003731, 176210000003744, 176210000003809, 176210000003937, 176210000003971, 176210000004033 (ਸਮਾਂ ਸਵੇਰੇ 11:00 ਵਜੇ)

21. ਕੁਰਾਲੀ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, 353, ਮੋਰਿੰਡਾ ਰੋਡ, ਕੁਰਾਲੀ, ਐਸਏਐਸ ਨਗਰ, ਪੰਜਾਬ। ਪਿਨ ਕੋਡ - 140103. ਫ਼ੋਨ - 7087103216 ਲੋਨ ਨੰਬਰ - 139210000005876 (ਸਮਾਂ ਸਵੇਰੇ 11:00 ਵਜੇ)

22. ਲਾਲੜੂ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਗਰਾਊਂਡ ਫਲੋਰ, ਵਾਰਡ ਨੰਬਰ 7, ਐਕਸਿਸ ਬੈਂਕ ਏਟੀਐਮ ਦੇ ਨੇੜੇ, ਲਾਲੜੂ, ਪੰਜਾਬ। ਪਿਨ ਕੋਡ - 140501. ਫ਼ੋਨ - 9056822252 ਲੋਨ ਨੰਬਰ - 205210000002735, 205210000002902 (ਸਮਾਂ ਸਵੇਰੇ 11:00 ਵਜੇ)

24. ਲੁਧਿਆਣਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਐਸਸੀਓ 14, ਪਹਿਲੀ ਮੰਜ਼ਿਲ, ਗ੍ਰੀਨ ਪਾਰਕ ਐਵੇਨਿਊ, ਕੈਨਾਲ ਕਲੋਨੀ, ਪੱਖੋਵਾਲ ਰੋਡ, ਲੁਧਿਆਣਾ। ਪਿਨ ਕੋਡ - 141002 ਫ਼ੋਨ - 9023256622 ਲੋਨ ਨੰਬਰ - 111210000012724, 111210000012785 (ਸਮਾਂ ਸਵੇਰੇ 11:00 ਵਜੇ)

25. ਮਲੋਟ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਗਰਾਊਂਡ ਫਲੋਰ, ਫੈਨੀ ਖਾਨ ਕੰਪਲੈਕਸ, ਪੀਐਨਬੀ ਬੈਂਕ ਦੇ ਸਾਹਮਣੇ, ਜੀਟੀ ਰੋਡ ਮਲੋਟ, ਪੰਜਾਬ। ਪਿਨ ਕੋਡ - 152107. ਫ਼ੋਨ - 9875942881 ਲੋਨ ਨੰਬਰ - 157210000005782 (ਸਮਾਂ ਸਵੇਰੇ 11:00 ਵਜੇ)

ਮੋਗਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਐਸਸੀਓ/ਐਸਸੀਐਫ 24, ਗਰਾਊਂਡ ਫਲੋਰ, ਲਾਲ ਬਹਾਦੁਰ ਸਾਸਤਰੀ ਕੰਪਲੈਕਸ ਆੱਫ਼ ਇੰਪਰੂਵਮੈਂਟ ਟਰੱਸਟ, ਐਕਸਿਸ ਬੈਂਕ ਦੇ ਨੇੜੇ, ਜੀਟੀ ਰੋਡ, ਮੋਗਾ। ਪਿਨ ਕੋਡ - 142001. ਫ਼ੋਨ - 7087003149 ਲੋਨ ਨੰਬਰ - 119210000018428, 119210000018554, 119210000018795, 119210000018820, 119210000018823, 119210000018832, 119210000018896, 119210000018903, 119210000018908, 119210000019024 (ਸਮਾਂ ਸਵੇਰੇ 11:00 ਵਜੇ)

27. ਮੋਹਾਲੀ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਐਸਸੀਓ 126, ਪਹਿਲੀ ਮੰਜ਼ਿਲ, ਫੇਸ 7, ਮੋਹਾਲੀ। ਪਿਨ ਕੋਡ - 160055 ਫ਼ੋਨ - 9317893517 ਲੋਨ ਨੰਬਰ - 103210000015680, 103210000015691, 103210000015712, 103210000015713, 103210000015714, 103210000015784, 103210000015948 (ਸਮਾਂ ਸਵੇਰੇ 11:00 ਵਜੇ)

28. ਮੁਕਤਸਰ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਫੈਸ਼ਨ ਪਲੈਨੇਟ, ਗਿੱਲ ਪੈਟਰੋਲ ਪੰਪ ਦੇ ਸਾਹਮਣੇ, ਕੋਟਕਪੂਰਾ ਰੋਡ, ਸ੍ਰੀ ਮੁਕਤਸਰ ਸਾਹਿਬ, ਪੰਜਾਬ। ਪਿਨ ਕੋਡ - 152026. ਫ਼ੋਨ - 7087003132 ਲੋਨ ਨੰਬਰ - 132210000016126, 132210000016242, 132210000016265, 132210000016266, 132210000016268, 132210000016272, 132210000016304 (ਸਮਾਂ ਸਵੇਰੇ 11:00 ਵਜੇ).

29. ਨੰਗਲ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਐਸਸੀਐਫ 37 ਰੇਲਵੇ ਰੋਡ, ਨੰਗਲ, ਪੰਜਾਬ। ਪਿਨ ਕੋਡ - 140124. ਫ਼ੋਨ - 8288041294 ਲੋਨ ਨੰਬਰ - 134210000009676, 134210000009795, 134210000009839, 134210000009861 (ਸਮਾਂ ਸਵੇਰੇ 11:00 ਵਜੇ)

30. ਨਵਾਂਸਹਿਰ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਬੀ-78 ਲਾਜਪਤ ਕੰਪਲੈਕਸ ਰਾਏ ਮਾਰਕੀਟ ਦੇ ਨੇੜੇ, ਪੀਐਨਬੀ ਬੈਂਕ ਦੇ ਨਾਲ, ਅੰਬੇਡਕਰ ਚੌਕ, ਨਵਾਂਸ਼ਹਿਰ, ਪੰਜਾਬ। ਪਿਨ ਕੋਡ - 144514. ਫ਼ੋਨ - 8591314415 ਲੋਨ ਨੰਬਰ - 107210000011193, 107210000011290, 107210000011336 (ਸਮਾਂ ਸਵੇਰੇ 11:00 ਵਜੇ)

31. ਪਠਾਨਕੋਟ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਬਿਲਡਿੰਗ ਨੰਬਰ 2, ਗਰਾਊਂਡ ਫਲੋਰ, ਵੈਨਿਸ ਹੋਟਲ ਦੇ ਸਾਹਮਣੇ, ਢਾਂਗੂ ਰੋਡ, ਪਠਾਨਕੋਟ, ਪੰਜਾਬ। ਪਿਨ ਕੋਡ - 145001. ਫ਼ੋਨ - 7087103221 ਲੋਨ ਨੰਬਰ - 142210000007405, 142210000007423 (ਸਮਾਂ ਸਵੇਰੇ 11:00 ਵਜੇ)

32. ਪਟਿਆਲਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਐਸਸੀਓ-4, ਇਨਕਮ ਟੈਕਸ ਦਫਤਰ ਦੇ ਸਾਹਮਣੇ, ਲੀਲਾ ਭਵਨ, ਪਟਿਆਲਾ, ਪੰਜਾਬ। ਪਿਨ ਕੋਡ - 147001 ਫ਼ੋਨ - 9501005976 ਲੋਨ ਨੰਬਰ - 124210000012053, 124210000012124, 124210000012287, 124210000012290, 124210000012332, 124210000012357, 124210000012476 (ਸਮਾਂ ਸਵੇਰੇ 11:00 ਵਜੇ)

33. ਪਟਿਆਲਾ 2-ਤ੍ਰਿਪੁਰੀ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਦੁਕਾਨ ਨੰਬਰ ਐਸ 2A, ਡੀਐਲਐਫ ਕਲੋਨੀ, ਤ੍ਰਿਪੁਰੀ, ਪਟਿਆਲਾ, ਪੰਜਾਬ। ਪਿਨ ਕੋਡ - 147001 ਫ਼ੋਨ - 9501005976 ਲੋਨ ਨੰਬਰ - 179210000004396, 179210000004426, 179210000004465, 179210000004477, 179210000004505, 179210000004518, 179210000004520, 179210000004533, 179210000004536, 179210000004596, 179210000004633, 179210000004639, 179210000004654 (ਸਮਾਂ ਸਵੇਰੇ 11:00 ਵਜੇ)

34. ਪੱਟੀ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਇਮਾਰਤ ਨੰਬਰ 672/13, ਕਿਰਨ ਸਿਨੇਮਾ ਦੇ ਨੇੜੇ, ਮੁਥੂਟ ਫਾਇਨਾਂਸ ਦੇ ਨਾਲ, ਪੱਟੀ, ਪੰਜਾਬ। ਪਿਨ ਕੋਡ - 143416. ਫ਼ੋਨ - 7087103242 ਲੋਨ ਨੰਬਰ - 144210000006185, 144210000006279, 144210000006280, 144210000006283, 144210000006414 (ਸਮਾਂ ਸਵੇਰੇ 11:00 ਵਜੇ)

35. ਫਗਵਾੜਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਦੁਕਾਨ ਨੰਬਰ 37, ਹਾਂਡਾ'ਸ ਸਿਟੀ ਸੈਂਟਰ, ਮੇਨ ਬੱਸ ਸਟੈਂਡ ਦੇ ਸਾਹਮਣੇ, ਫਗਵਾੜਾ। ਪਿਨ ਕੋਡ - 144401. ਫ਼ੋਨ - 9357255515 ਲੋਨ ਨੰਬਰ - 105210000014787, 105210000014890 (ਸਮਾਂ ਸਵੇਰੇ 11:00 ਵਜੇ)

36. ਰਾਜਪੁਰਾ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਸੀ-23, ਪਹਿਲੀ ਮੰਜ਼ਿਲ, ਕੈਲੀਬਰ ਮਾਰਕੀਟ, ਰਾਜਪੁਰਾ, ਪੰਜਾਬ। ਪਿਨ ਕੋਡ - 140401. ਫ਼ੋਨ - 7087103225 ਲੋਨ ਨੰਬਰ - 141210000009328, 141210000009427, 141210000009441, 141210000009461, 141210000009575, 141210000009592, 141210000009596, 141210000009597, 141210000009624, 141210000009690 (ਸਮਾਂ ਸਵੇਰੇ 11:00 ਵਜੇ).

37. ਸੁਲਤਾਨਵਿੰਡ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਪਲਾਟ ਨੰਬਰ 5, ਅਬਾਦੀ ਮਹੰਤ ਲਛਮਣ ਦਾਸ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ। ਪਿਨ ਕੋਡ - 143001. ਫ਼ੋਨ- 9501502761 ਲੋਨ ਨੰਬਰ - 137210000010903, 137210000011062,137210000011119, 137210000011176,137210000011203 (ਸਮਾਂ ਸਵੇਰੇ 11:00 ਵਜੇ)

38. ਸੁੰਦਰ ਨਗਰ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, #B25, 1259/11, ਗਰਾਊਂਡ ਫਲੋਰ, ਸਰਦਾਰ ਨਗਰ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ। ਪਿਨ ਕੋਡ - 141002. ਫ਼ੋਨ - 9023256622 ਲੋਨ ਨੰਬਰ - 125210000019012, 125210000019136, 125210000019146, 125210000019341, 125210000019553 (ਸਮਾਂ ਸਵੇਰੇ 11:00 ਵਜੇ)

39. ਤਲਵੰਡੀ ਭਾਈ ਬ੍ਰਾਂਚ - ਐਲ&ਟੀ ਫਾਇਨਾਂਸ ਰ, ਦੁਕਾਨ ਨੰਬਰ 62, ਦ ਤਲਵੰਡੀ ਭਾਈ ਕੋ-ਆਪਰੇਟਿਵ ਮਾਰਕੀਟਿੰਗ ਸੋਸਾਇਟੀ ਲਿਮਿਟਿਡ, ਪੁਰਾਣੀ ਅਨਾਜ ਮੰਡੀ, ਐਸਬੀਆਈ ਬੈਂਕ ਦੇ ਨੇੜੇ, ਤਲਵੰਡੀ ਭਾਈ, ਪੰਜਾਬ। ਪਿਨ ਕੋਡ - 142050. ਫ਼ੋਨ - 7604808905 ਲੋਨ ਨੰਬਰ - 131210000013549, 131210000013669, 131210000013817, 131210000013830, 131210000013868, 131210000013915, 131210000013918, 131210000013936, 131210000013939, 131210000013969, 131210000013970, 131210000013977, 131210000013999, 131210000014036, 131210000014048 (ਸਮਾਂ ਸਵੇਰੇ 11:00 ਵਜੇ)

40. ਜ਼ੀਰਕਪੁਰ ਬ੍ਰਾਂਚ - ਐਲ&ਟੀ ਫਾਇਨਾਂਸ ਲਿਮਿਟਿਡ, ਐਸਸੀਓ-3-4, ਬਾਲਾਜੀ ਐਨਕਲੇਵ, ਪਟਿਆਲਾ ਰੋਡ, ਜ਼ੀਰਕਪੁਰ। ਪਿਨ ਕੋਡ - 140307. ਫ਼ੋਨ - 9317692875 ਲੋਨ ਨੰਬਰ - 104210000014344, 104210000014631, 104210000014639 (ਸਮਾਂ ਸਵੇਰੇ 11:00 ਵਜੇ)

ਕਿਰਪਾ ਕਰਕੇ ਧਿਆਨ ਦਿਓ ਕਿ ਜੇਕਰ ਕਿਸੇ ਕਾਰਨ ਕਰਕੇ ਉਪਰੋਕਤ ਦੱਸੇ ਗਏ ਦਿਨ ਨਿਲਾਮੀ ਪੂਰੀ ਨਹੀਂ ਹੁੰਦੀ ਹੈ, ਤਾਂ ਇਹ ਬਿਨਾਂ ਕਿਸੇ ਹੋਰ ਸੂਚਨਾ ਦੇ **3 ਅਪ੍ਰੈਲ 2026** ਨੂੰ ਉਸੇ ਸਥਾਨ ਅਤੇ ਸਮੇਂ 'ਤੇ ਕੀਤੀ ਜਾਵੇਗੀ।

ਨੋਟ: ਸਬੰਧਤ ਗਾਹਕ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਗਹਿਣੇ ਛੁਡਵਾ ਸਕਦੇ ਹਨ।

ਨੋਟ: ਐਲ&ਟੀ ਫਾਇਨਾਂਸ ਪ੍ਰਾਈਵੇਟ ਲਿਮਿਟਿਡ, ਆਪਣੇ ਵਿਵੇਕ ਅਨੁਸਾਰ, ਕਿਸੇ ਵੀ ਲੋਨ ਖਾਤੇ ਦੇ ਅਧੀਨ ਕਿਸੇ ਵੀ ਗਹਿਣੇ ਨੂੰ ਬਿਨਾਂ ਕਿਸੇ ਪੂਰਵ ਜਾਣਕਾਰੀ ਦੇ ਨਿਲਾਮੀ ਸੂਚੀ ਵਿੱਚੋਂ ਹਟਾਉਣ ਦਾ ਅਧਿਕਾਰ ਰੱਖਦਾ ਹੈ।

ਨੋਟ: ਰਜਿਸਟਰਡ ਡੀਲਰਾਂ ਦੇ ਮਾਮਲੇ ਵਿੱਚ ਨਿਲਾਮੀਕਾਰਾਂ ਨੂੰ ਪਛਾਣ ਪੱਤਰ, ਪੈਨ ਕਾਰਡ ਅਤੇ ਟੀਆਈਐਨ ਨੰਬਰ ਪੇਸ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਸਫਲ ਨਿਲਾਮੀਕਾਰ ਨੂੰ ਪੂਰੀ ਨਿਲਾਮੀ ਰਕਮ ਤੁਰੰਤ ਆਰਟੀਜੀਐਸ/ਕਿਸੇ ਹੋਰ ਇਜਾਜ਼ਤਸ਼ੁਦਾ ਤਰੀਕੇ ਨਾਲ ਕੰਪਨੀ ਨੂੰ ਟ੍ਰਾਂਸਫ਼ਰ ਕਰਨ ਦੀ ਬੇਨਤੀ ਕੀਤੀ ਜਾਵੇਗੀ।

ਐਸਡੀ/-
**ਅਧਿਕਾਰਤ ਅਧਿਕਾਰੀ**
ਐਲ&ਟੀ ਫਾਇਨਾਂਸ ਲਿਮਿਟਿਡ ਲਈ

ਉਪਰੋਕਤ ਨੋਟਿਸ ਸੰਬੰਧੀ ਕਿਸੇ ਵੀ ਸਪੱਸ਼ਟੀਕਰਨ ਲਈ, ਕਿਰਪਾ ਕਰਕੇ 1800 268 0000 'ਤੇ ਜਾਂ ਸਬੰਧਤ ਬ੍ਰਾਂਚ ਨਾਲ ਸੰਪਰਕ ਕਰੋ।

**ਤਾਰੀਖ਼:** 18.03.2026
**ਸਥਾਨ:** ਪੰਜਾਬ

# ਤਿਉਂਹਾਰਾਂ ਦੇ ਸੀਜ਼ਨ 'ਚ ਕਿਵੇਂ ਲਾਈਏ ਸੁੰਦਰਤਾ ਨੂੰ ਚਾਰ ਚੰਨ

**ਸ਼ਹਿਨਾਜ਼ ਹੁਸੈਨ**



ਗਰਮੀਆਂ ਦੇ ਮੌਸਮ ਤੋਂ ਬਾਅਦ ਔਰਤਾਂ ਵਰਖਾ ਰੁੱਤ ਦਾ ਸਵਾਗਤ ਤੀਆਂ ਦਾ ਤਿਉਹਾਰ ਮਨਾ ਕੇ ਕਰਦੀਆਂ ਹਨ। ਇਹ ਉੱਤਰੀ ਭਾਰਤ ਦੀਆਂ ਔਰਤਾਂ ਦਾ ਧਾਰਮਿਕ ਤਿਉਹਾਰ ਹੀ ਨਹੀਂ, ਸਗੋਂ ਕੁਦਰਤੀ ਸਮਾਗਮ ਮਨਾਉਣ ਦਾ ਖਾਸ ਦਿਨ ਮੰਨਿਆ ਜਾਂਦਾ ਹੈ, ਜਦੋਂ ਔਰਤਾਂ ਵਹੁਟੀ ਦੀ ਤਰ੍ਹਾਂ ਸਜਦੀਆਂ ਅਤੇ ਸੰਵਰਦੀਆਂ ਹਨ।

ਇਸ ਤਿਉਹਾਰ 'ਤੇ ਕੁਝ ਕੁਦਰਤੀ ਅਤੇ ਆਯੁਰਵੈਦਿਕ ਪ੍ਰਸਾਧਨਾਂ ਨਾਲ ਤੁਸੀਂ ਆਪਣੀ ਸੁੰਦਰਤਾ ਨੂੰ ਚਾਰ ਚੰਨ ਲਗਾ ਸਕਦੇ ਹੋ। ਪੁਰਾਣੇ ਸਮੇਂ ਵਿਚ ਘਰ ਵਿਚ ਉਬਟਨ ਦੀ ਵਰਤੋਂ ਕੀਤੀ ਜਾਂਦੀ ਸੀ। ਉਬਟਨ ਆਮ ਤੌਰ 'ਤੇ ਚੋਕਰ, ਬੇਸਣ, ਦਹੀਂ, ਮਲਾਈ ਅਤੇ ਹਲਦੀ ਦੇ ਮਿਸ਼ਰਣ ਨਾਲ ਬਣਾਇਆ ਜਾਂਦਾ ਸੀ। ਇਨ੍ਹਾਂ ਸਭ ਨੂੰ ਪੀਸ ਕੇ ਮਿਸ਼ਰਣ ਨੂੰ ਨਹਾਉਣ ਤੋਂ ਪਹਿਲਾਂ ਸਰੀਰ 'ਤੇ ਲਗਾਇਆ ਜਾਂਦਾ ਸੀ। ਇਸ ਨੂੰ ਨਹਾਉਣ ਦੇ ਸਮੇਂ ਤਾਜ਼ੇ ਪਾਣੀ ਨਾਲ ਧੋਇਆ ਜਾਂਦਾ ਸੀ, ਜਿਸ ਨਾਲ ਸਰੀਰ ਦੀਆਂ ਮ੍ਰਿਤਕ ਕੋਸ਼ਿਕਾਵਾਂ ਹਟਾਉਣ ਵਿਚ ਮਦਦ ਮਿਲਦੀ ਸੀ, ਜਿਸ ਨਾਲ ਸਰੀਰਕ ਚਮੜੀ ਕੋਮਲ ਅਤੇ ਮੁਲਾਇਮ ਬਣ ਜਾਂਦੀ ਹੈ। ਸਭ ਤੋਂ ਪਹਿਲਾਂ ਸਰੀਰ ਦੀ ਤਿਲ ਦੇ ਤੇਲ ਨਾਲ ਮਾਲਿਸ਼ ਕੀਤੀ ਜਾਂਦੀ ਸੀ ਅਤੇ ਉਸ ਤੋਂ ਬਾਅਦ ਉਬਟਨ ਲਗਾਇਆ ਜਾਂਦਾ ਸੀ, ਜਿਸ ਨੂੰ ਅੱਧੇ ਘੰਟੇ ਬਾਅਦ ਨਹਾ ਕੇ ਧੋ ਦਿੱਤਾ ਜਾਂਦਾ ਸੀ। ਇਸ ਉਬਟਨ ਵਿਚ ਮੌਜੂਦ ਵੱਖ-ਵੱਖ ਤੱਤਾਂ ਨੂੰ ਰਗੜਨ ਅਤੇ ਧੋਣ ਨਾਲ ਚਮੜੀ ਦੀਆਂ ਮ੍ਰਿਤਕ ਕੋਸ਼ਿਕਾਵਾਂ ਤੋਂ ਛੁਟਕਾਰਾ ਪਾਉਣ ਵਿਚ ਮਦਦ ਮਿਲਦੀ ਸੀ ਅਤੇ ਚਮੜੀ ਵਿਚ ਕੋਮਲਤਾ ਅਤੇ ਨਿਰਮਲਤਾ ਦਾ ਨਿਖਾਰ ਆ ਜਾਂਦਾ ਸੀ। ਆਪਣੇ ਚਿਹਰੇ ਦੀ ਸੁੰਦਰਤਾ ਲਈ ਤੁਸੀਂ ਘਰ ਬੈਠੇ ਹੀ ਸੁੰਦਰਤਾ ਪ੍ਰਸਾਧਨ ਬਣਾ ਸਕਦੇ ਹੋ। ਤੁਸੀਂ 2 ਚਮਚ ਚੋਕਰ ਵਿਚ ਇਕ ਚਮਚ ਬਦਾਮ ਤੇਲ, ਦਹੀਂ, ਸ਼ਹਿਦ ਅਤੇ ਗੁਲਾਬ ਜਲ ਮਿਲਾ ਲਓ। ਇਸ ਵਿਚ ਤੁਸੀਂ ਸੁੱਕੇ ਪੁਦੀਨੇ ਦੇ ਪੱਤਿਆਂ ਦਾ ਪਾਊਡਰ ਮਿਲਾ ਲਓ। (ਇਸ ਨੂੰ ਚਿਹਰੇ 'ਤੇ ਲਗਾਉਣ ਨਾਲ ਚਿਹਰੇ 'ਤੇ ਕੁਦਰਤੀ ਚਮਕ-ਦਮਕ ਆ ਜਾਵੇਗੀ) ਇਨ੍ਹਾਂ ਸਭ ਤੱਤਾਂ ਨੂੰ ਮਿਲਾ ਕੇ ਪੇਸਟ ਬਣਾ ਲਓ ਅਤੇ ਅੱਖਾਂ ਅਤੇ ਬੁੱਲ੍ਹਾਂ ਨੂੰ ਛੱਡ ਕੇ ਬਾਕੀ ਪੂਰੇ ਚਿਹਰੇ 'ਤੇ ਲਗਾ ਲਓ। ਇਸ ਨੂੰ ਚਿਹਰੇ 'ਤੇ 30 ਮਿੰਟ ਲੱਗਾ ਰਹਿਣ ਦਿਓ ਅਤੇ ਬਾਅਦ ਵਿਚ ਸਾਫ਼ ਪਾਣੀ ਨਾਲ ਧੋ ਦਿਓ।

ਤੀਆਂ ਦੇ ਤਿਉਹਾਰ ਵਿਚ ਵਾਲਾਂ ਦੀ ਸੁੰਦਰਤਾ ਲਈ ਸ਼ੁੱਧ ਨਾਰੀਅਲ ਤੇਲ ਨੂੰ ਗਰਮ ਕਰਕੇ ਇਸ ਨੂੰ ਵਾਲਾਂ ਅਤੇ ਸਿਰ ਦੀ ਖੋਪੜੀ 'ਤੇ ਲਗਾ ਲਓ। ਇਸ ਤੋਂ ਬਾਅਦ ਇਕ ਤੌਲੀਏ ਨੂੰ ਗਰਮ ਪਾਣੀ ਵਿਚ ਡੁਬੋ ਕੇ ਗਰਮ ਪਾਣੀ ਨੂੰ ਨਿਚੋੜ ਦਿਓ ਅਤੇ ਉਸ ਤੌਲੀਏ ਨੂੰ ਪਗੜੀ ਵਾਂਗ 5 ਮਿੰਟ ਤੱਕ ਸਿਰ 'ਤੇ ਲਪੇਟ ਲਓ। ਇਸ ਪ੍ਰਕਿਰਿਆ ਨੂੰ 3-4 ਵਾਰ ਦੁਹਰਾਓ। ਇਸ ਪ੍ਰਕਿਰਿਆ ਨਾਲ ਵਾਲਾਂ ਅਤੇ ਸਿਰ ਦੀ ਖੋਪੜੀ ਨੂੰ ਤੇਲ ਨੂੰ ਥੰਮ੍ਹੀ ਰੱਖਣ ਵਿਚ ਮਦਦ ਮਿਲਦੀ ਹੈ। ਇਸ ਤਰ੍ਹਾਂ ਤੇਲ ਨੂੰ ਇਕ ਘੰਟੇ ਤੱਕ ਵਾਲਾਂ ਵਿਚ ਲਗਾਉਣ ਤੋਂ ਬਾਅਦ ਵਾਲਾਂ ਨੂੰ ਸਾਫ਼ ਪਾਣੀ ਨਾਲ ਧੋ ਦਿਓ। ਨਿਰਜੀਵ ਅਤੇ ਥੱਕੀਆਂ ਅੱਖਾਂ ਲਈ ਰੂੰ ਨੂੰ ਗੁਲਾਬ ਜਲ ਵਿਚ ਭਿਉਂ ਦਿਓ ਅਤੇ ਇਸ ਨੂੰ ਅੱਖਾਂ ਬੰਦ ਕਰਕੇ ਆਈ ਪੈਡ ਦੀ ਤਰ੍ਹਾਂ ਵਰਤ ਕੇ 10 ਮਿੰਟ ਤੱਕ ਹੇਠਾਂ ਲੰਮੇ ਪੈ ਕੇ ਆਰਾਮ ਕਰੋ। ਇਸ ਨਾਲ ਅੱਖਾਂ ਦੀ ਥਕਾਨ ਮਿਟਦੀ ਹੈ ਅਤੇ ਅੱਖਾਂ ਵਿਚ ਕੁਦਰਤੀ ਚਮਕ ਆ ਜਾਂਦੀ ਹੈ। ਗੁਲਾਬ ਦੀ ਸੁਗੰਧ ਦਾ ਦਿਮਾਗ 'ਤੇ ਸ਼ਾਂਤੀਵਰਧਕ ਪ੍ਰਭਾਵ ਪੈਂਦਾ ਹੈ।

**ਮੇਕਅਪ**

ਤੀਆਂ ਵਿਚ ਔਰਤਾਂ ਵਹੁਟੀ ਦੀ ਤਰ੍ਹਾਂ ਸਜਦੀਆਂ, ਸੰਵਰਦੀਆਂ ਹਨ। ਇਸ ਤਿਉਹਾਰ ਵਿਚ ਔਰਤਾਂ ਮਹਿੰਦੀ, ਪਰੰਪਰਿਕ ਪਹਿਰਾਵੇ, ਗਹਿਣੇ ਅਤੇ ਸੁੰਦਰਤਾ ਪ੍ਰਸਾਧਨਾਂ ਦੀ ਵਰਤੋਂ ਕਰਦੀਆਂ ਹਨ। ਤੀਆਂ ਵਰਗੇ ਤਿਉਹਾਰਾਂ ਨੂੰ ਚਕਾਚੌਂਧ ਰੌਸ਼ਨੀ ਵਿਚ ਮਨਾਇਆ ਜਾਂਦਾ ਹੈ ਅਤੇ ਇਸ ਮੌਕੇ ਸੁੰਦਰਤਾ ਲਈ ਤੁਹਾਨੂੰ ਚਮਕੀਲੇ ਰੰਗਾਂ ਦੀ ਬਹੁਤ ਲੋੜ ਹੁੰਦੀ ਹੈ, ਨਹੀਂ ਤਾਂ ਤੁਸੀਂ ਕਾਂਤੀਹੀਣ ਦਿਸੋਗੇ।

× ਸਭ ਤੋਂ ਪਹਿਲਾਂ ਚਮੜੀ ਨੂੰ ਸਾਫ਼ ਕਰਕੇ ਇਸ 'ਤੇ ਤਰਲ ਮਾਇਸਚਰਾਈਜ਼ਰ ਲਗਾਓ। ਤੇਲੀ ਚਮੜੀ ਲਈ ਅਸਟ੍ਰਿੰਜਟ ਲੋਸ਼ਨ ਦੀ ਵਰਤੋਂ ਕਰੋ। ਕੁਝ ਮਿੰਟਾਂ ਬਾਅਦ ਚਮੜੀ ਦੇ ਦਾਗ-ਧੱਬਿਆਂ ਨੂੰ ਕੰਸੀਲਰ ਨਾਲ ਕਵਰ ਕਰਕੇ ਅਪਲਾਈ ਕਰੋ।

× ਫਾਊਂਡੇਸ਼ਨ ਦੀ ਉਚਿਤ ਚੋਣ ਕਰਦੇ ਸਮੇਂ ਜੇ ਤੁਹਾਡੀ ਚਮੜੀ ਕਾਫੀ ਸਾਫ਼ ਹੈ ਤਾਂ ਹਲਦੀ, ਗੁਲਾਬੀ ਟੋਨ ਵਾਲੇ ਮਟਮੈਲੇ ਰੰਗਾਂ ਦੀ ਚੋਣ ਕਰੋ।

× ਜੇ ਤੁਹਾਡੀ ਚਮੜੀ ਦਾ ਰੰਗ ਸਾਫ਼ ਹੈ ਪਰ ਪੀਲਾ ਪੈ ਗਿਆ ਹੈ ਤਾਂ ਗੁਲਾਬੀ ਟੋਨ ਨੂੰ ਛੱਡ ਕੇ ਮਟਮੈਲੇ ਜਾਂ ਬਿਸਕਿਟ ਰੰਗ ਦੀ ਚੋਣ ਕਰੋ। ਸਾਂਵਲੇ ਰੰਗ ਵਾਲੀਆਂ ਔਰਤਾਂ ਲਈ ਭੂਰੇ ਮਟਮੈਲੇ ਫਾਊਂਡੇਸ਼ਨ ਨਾਲ ਬਿਹਤਰ ਸੁੰਦਰਤਾ ਪ੍ਰਾਪਤ ਕਰ ਸਕਦੀਆਂ ਹਨ।

× ਤੀਆਂ ਵਰਗੇ ਵਿਸ਼ੇਸ਼ ਤਿਉਹਾਰ ਲਈ ਤੁਸੀਂ ਗੋਲਡ ਫਾਊਂਡੇਸ਼ਨ ਦੀ ਚੋਣ ਵੀ ਕਰ ਸਕਦੇ ਹੋ। ਇਸ ਨੂੰ ਚਿਹਰੇ 'ਤੇ ਲਗਾ ਕੇ ਗਿੱਲੇ ਸਪੰਜ ਨਾਲ ਮਿਲਾਓ। ਗੱਲ੍ਹਾਂ ਨੂੰ ਬਲਸ਼ਰ ਨਾਲ ਦਾਗ ਰਹਿਤ ਕਰੋ। ਇਸ ਨੂੰ ਚੀਕਵੋਨ 'ਤੇ ਲਗਾ ਕੇ ਹੌਲੀ ਜਿਹੇ ਉੱਪਰ ਅਤੇ ਹੇਠਾਂ ਵੱਲ ਘੁਮਾਓ। ਇਸ ਤੋਂ ਬਾਅਦ ਚੀਕਕੋਨ 'ਤੇ ਹਲਕੇ ਰੰਗ ਹਾਈਲਾਈਟਰ ਲਗਾ ਕੇ ਚੰਗੇ ਤਰੀਕੇ ਨਾਲ ਮਿਲਾਓ।

× ਰਾਤ ਦੇ ਸਮੇਂ ਬਲਸ਼ਰ ਰੰਗਾਂ ਦਾ ਬੁੱਲ੍ਹਾਂ ਦੇ ਰੰਗਾਂ ਨਾਲ ਮੇਲ ਜ਼ਰੂਰੀ ਨਹੀਂ ਹੈ ਪਰ ਟੋਨ ਦਾ ਰੰਗ ਇਕੋ ਜਿਹਾ ਹੋਣਾ ਚਾਹੀਦਾ ਹੈ।

× ਜੇ ਤੁਸੀਂ ਨਾਰੰਗੀ ਲਿਪਸਟਿਕ ਲਗਾਈ ਹੈ ਤਾਂ ਗੁਲਾਬੀ ਬਲਸ਼ ਤੋਂ ਦੂਰ ਰਹੋ। × ਅੱਖਾਂ ਦੀ ਸੁੰਦਰਤਾ ਲਈ ਅੱਖਾਂ ਦੀ ਉਪਰਲੀ ਪਲਕ 'ਤੇ ਹਲਕੇ ਭੂਰੇ ਪ੍ਰਤੀਬਿੰਬ ਨੂੰ ਲਗਾਓ। ਕ੍ਰੀਮ ਵਿਚ ਗਹਿਰਾਈ ਲਈ ਗੂੜ੍ਹੇ ਭੂਰੇ ਆਈ ਸ਼ੈਡੋ ਦੀ ਵਰਤੋਂ ਕਰੋ। ਅੱਖਾਂ ਨੂੰ ਗੂੜ੍ਹੇ ਆਈ ਪੈਨਸਿਲ ਨਾਲ ਲਾਈਨ ਲਗਾਓ। ਸਮਜ ਪ੍ਰਭਾਵ ਲਈ ਅੱਖਾਂ ਦੀ ਉਪਰਲੀ ਪਰਤ 'ਤੇ ਗੂੜ੍ਹੀ ਆਈ ਸ਼ੈਡੋ ਵੀ ਚੰਗਾ ਪ੍ਰਭਾਵ ਦਿੰਦੀ ਹੈ।

× ਤੀਆਂ ਦੇ ਤਿਉਹਾਰ ਵਿਚ ਬ੍ਰਾਂਜ ਸ਼ੈਡੋ ਨੂੰ ਉਪਰਲੀ ਪਰਤ 'ਤੇ ਆਈਲਾਈਨਰ ਨੂੰ ਲਾਈਨ ਕਰਨ ਲਈ ਤੁਸੀਂ ਸੁਨਹਿਰੀ, ਚਾਂਦੀ ਰੰਗੀ ਅਤੇ ਤਾਂਬੇ ਰੰਗੀ ਸ਼ੈਡੋ ਦੀ ਵਰਤੋਂ ਕਰ ਸਕਦੇ ਹੋ। ਆਮ ਭਾਰਤੀ ਰੰਗਾਂ ਲਈ ਤੁਸੀਂ ਲਿਪਸਟਿਕ ਵਿਚ ਮੂੰਗੀਆ, ਲਾਲ, ਗੂੜ੍ਹੇ ਲਾਲ ਰੰਗ ਦੀ ਸ਼ੇਡ ਦੀ ਲਿਪਸਟਿਕ ਦੀ ਵਰਤੋਂ ਕਰ ਸਕਦੇ ਹੋ। ਗੂੜ੍ਹਾ ਗੁਲਾਬੀ ਰੰਗ ਵੀ ਕਾਫੀ ਜਚ ਸਕਦਾ ਹੈ। ਜ਼ਿਆਦਾਤਰ ਚਮੜੀ ਦੇ ਰੰਗਾਂ ਵਿਚ ਨਾਰੰਗੀ ਸ਼ੇਡ ਵੀ ਕਾਫੀ ਸਰਾਹੀ ਜਾਂਦੀ ਹੈ।

× ਕਿਸੇ ਵੀ ਭਾਰਤੀ ਤਿਉਹਾਰ ਵਿਚ ਬਿੰਦੀ ਸੁੰਦਰਤਾ ਦਾ ਅਟੁੱਟ ਅੰਗ ਮੰਨੀ ਜਾਂਦੀ ਹੈ। ਆਪਣੀ ਪੁਸ਼ਾਕ ਨਾਲ ਮਿਲਦੀ-ਜੁਲਦੀ ਚਮਕਦੀ ਬਿੰਦੀ ਦੀ ਜ਼ਰੂਰ ਵਰਤੋਂ ਕਰੋ। ਚਮਕੀਲੇ ਰਤਨਾਂ ਨਾਲ ਜੜੀ ਅਤੇ ਚਮਕੀਲੇ ਰੰਗਾਂ ਨਾਲ ਸਜੀ ਬਿੰਦੀ ਕਾਫੀ ਆਕਰਸ਼ਕ ਦਿਸਦੀ ਹੈ।



# ਜ਼ਿੰਦਗੀ 'ਚ ਚੰਗੇ ਸੰਸਕਾਰਾਂ ਦਾ ਹੋਣਾ ਜ਼ਰੂਰੀ



ਸਮਾਜ 'ਚ ਹਰ ਤਰ੍ਹਾਂ ਦੇ ਲੋਕ ਰਹਿੰਦੇ ਹਨ ਤੇ ਹਰ ਇਕ ਵਿਅਕਤੀ ਦੀ ਆਪੋ-ਆਪਣੀ ਸੋਚ, ਸਮਝ ਤੇ ਵਿਵਹਾਰ ਹੁੰਦਾ ਹੈ। ਹਰ ਵਿਅਕਤੀ ਆਪਣੇ ਵਿਚਾਰਾਂ ਰਾਹੀਂ ਆਪਣੀ ਸੋਚ ਦਾ ਪ੍ਰਗਟਾਵਾ ਕਰਦਾ ਰਹਿੰਦਾ ਹੈ। ਪਿਛਲੇ ਦਿਨੀਂ ਮੈਂ ਕੱਪੜੇ ਲੈਣ ਲਈ ਦੁਕਾਨ 'ਤੇ ਗਿਆ। ਮੇਰੇ ਤੋਂ ਪਹਿਲਾਂ ਇਕ ਨੌਜਵਾਨ ਵੀਰ ਵਿਆਹ 'ਤੇ ਜਾਣ ਲਈ ਰੈਡੀਮੇਡ ਪੈਂਟ-ਕਮੀਜ਼ ਦੇਖ ਰਿਹਾ ਸੀ। ਦੁਕਾਨਦਾਰ ਉਸ ਨੂੰ ਮਹਿੰਗੇ ਕੱਪੜੇ ਖਰੀਦਣ ਲਈ ਉਕਸਾ ਰਿਹਾ ਸੀ। ਮੈਂ ਵੀ ਉਨ੍ਹਾਂ ਦੀ ਗੱਲਬਾਤ ਨੂੰ ਗੰਭੀਰਤਾ ਨਾਲ ਸੁਣਨ ਲੱਗਾ। ਲੜਕੇ ਨੇ ਉਸ ਦਾ ਜਵਾਬ ਦਿੰਦਿਆਂ ਕਿਹਾ ਕਿ ਮੈਨੂੰ ਚੱਲ ਰਹੇ ਰਿਵਾਜ ਦਾ ਕੋਈ ਚੱਕਰ ਨਹੀਂ, ਮੇਰਾ ਮਕਸਦ ਸਿਰਫ਼ ਤਨ ਢਕਣਾ ਹੈ, ਬਾਹਰੀ ਦਿਖਾਵਾ ਨਹੀਂ। ਇਹ ਅਰਥਪੂਰਨ ਜਵਾਬ ਸੁਣ ਕੇ ਦੁਕਾਨਦਾਰ ਵੀ ਸ਼ਾਂਤ ਹੋ ਗਿਆ ਤੇ ਹਾਮੀ ਭਰਨ ਲੱਗਾ। ਮੇਰਾ ਦਿਲ ਵੀ ਇਸ ਕਰਕੇ ਖੁਸ਼ ਹੋ ਗਿਆ, ਕਿਉਂਕਿ ਉਹ ਨੌਜਵਾਨ ਮੈਨੂੰ ਛੋਟੀ ਉਮਰੇ ਵੱਡੀ ਸੋਚ ਦਾ ਮਾਲਕ ਲੱਗ ਰਿਹਾ ਸੀ। ਇਸ ਤੋਂ ਸਪੱਸ਼ਟ ਹੈ ਕਿ ਚੰਗੀ ਸੋਚ ਅਤੇ ਅਕਲ ਦਾ ਉਮਰ ਨਾਲ ਕੋਈ ਸੰਬੰਧ ਨਹੀਂ ਹੁੰਦਾ। ਅਜੋਕਾ ਸਮਾਂ ਤਾਂ ਅਜਿਹਾ ਚੱਲ ਰਿਹਾ ਹੈ ਕਿ ਅਸੀਂ ਲੋਕਾਂ ਨੂੰ ਦੇਖੋ-ਦੇਖ ਆਪਣੇ ਘਰ ਉਜਾੜ ਲਏ ਹਨ। ਵਧਦੀ ਮਹਿੰਗਾਈ, ਫੈਸ਼ਨਪ੍ਰਸਤੀ ਤੇ ਬਾਹਰੀ ਦਿਖਾਵੇ ਨੇ ਲੋਕਾਂ ਦਾ ਜਿਊਣਾ ਹਰਾਮ ਕਰ ਦਿੱਤਾ ਹੈ। ਸਾਨੂੰ ਸਮਝਣਾ ਚਾਹੀਦਾ ਹੈ ਕਿ ਵਿਅਕਤੀ ਵੱਡੀਆਂ ਕੋਠੀਆਂ, ਕਾਰਾਂ, ਜ਼ਮੀਨ-ਜਾਇਦਾਦਾਂ ਤੇ ਬਰਾਂਡਿਡ ਕੱਪੜਿਆਂ ਨਾਲ ਨਹੀਂ, ਸਗੋਂ ਚੰਗੀ ਸੋਚ ਤੇ ਉੱਚ ਵਿਚਾਰਾਂ ਨਾਲ ਵੱਡਾ ਹੁੰਦਾ ਹੈ। ਪੈਸੇ ਨਾਲ ਵਿਅਕਤੀ ਸਭ ਕੁਝ ਖਰੀਦ ਸਕਦਾ ਹੈ ਪਰ ਉਸਾਰੂ ਸੋਚ ਤੇ ਸਮਾਜਿਕ ਵਿਚਾਰ ਨਹੀਂ। ਅੱਜ ਲੋਕ ਪੈਸੇ 'ਚ ਅਮੀਰ ਤੇ ਰੂਹ ਦੇ ਗਰੀਬ ਹੋ ਗਏ ਹਨ, ਇਸੇ ਕਾਰਨ ਧੜਾਧੜ ਰਿਸ਼ਤੇ-ਨਾਤੇ ਟੁੱਟ ਰਹੇ ਹਨ। ਸਭ ਜਾਣਦੇ ਹਨ ਕਿ ਪੈਸਾ ਨਾਲ ਨਹੀਂ ਜਾਣਾ ਪਰ ਕੋਈ ਮੰਨਣ ਨੂੰ ਤਿਆਰ ਨਹੀਂ। ਮੰਨਿਆ ਪੈਸਾ ਜ਼ਿੰਦਗੀ 'ਚ ਬਹੁਤ ਕੁਝ ਹੈ ਪਰ ਸਭ ਕੁਝ ਵੀ ਨਹੀਂ। ਪੈਸਾ ਹੱਥਾਂ ਦੀ ਮੈਲ ਤੇ ਚੰਗੀ ਸੋਚ ਸਥਾਈ ਹੁੰਦੀ ਹੈ, ਜੋ ਇਨਸਾਨ ਦੇ ਮਰਨ ਪਿੱਛੋਂ ਵੀ ਵਡਿਆਈ ਖੱਟਦੀ ਰਹਿੰਦੀ ਹੈ। ਸਮਾਜ 'ਚ ਕਈ ਧਨਾਢ ਲੋਕ ਆਪਣਾ ਸਤਿਕਾਰ ਨਾ ਹੋਣ ਦੇ ਪਛਤਾਵੇ 'ਚ ਹੀ ਮਰ ਜਾਂਦੇ ਹਨ, ਕਿਉਂਕਿ ਉਹ ਖਾਸ ਗੁਣਾਂ ਤੋਂ ਸੱਖਣੇ ਹੁੰਦੇ ਹਨ ਤੇ ਹੰਕਾਰ ਰੂਪੀ ਘੋੜੇ 'ਤੇ ਹੀ ਸਵਾਰ ਰਹਿੰਦੇ ਹਨ। ਲੋਕਾਂ ਦੇ ਦਿਲਾਂ 'ਚ ਵਸਣ ਲਈ ਪੈਸਾ ਨਹੀਂ, ਸਗੋਂ ਚੰਗੇ ਸੰਸਕਾਰਾਂ ਤੇ ਅਸੂਲਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ। ਵਿਅਕਤੀ ਨੂੰ ਸਮਾਜ 'ਚ ਗੁਣਵਾਨ ਹੋ ਕੇ ਵਿਚਰਨਾ ਚਾਹੀਦਾ ਹੈ, ਰੂਪਵਾਨ ਹੋ ਕੇ ਨਹੀਂ। ਸਮਝਦਾਰ ਵਿਅਕਤੀ ਇਨਸਾਨ ਦੀ ਚੰਗੀ ਬੋਲਬਾਣੀ, ਸਮਾਜਿਕ ਮਿਲਵਰਤਣ, ਨਿਮਰਤਾ, ਹਲੀਮੀ ਅਤੇ ਸਿਆਣਪ ਵਰਗੇ ਅਨਮੋਲ ਗਹਿਣਿਆਂ ਦੀ ਕਦਰ ਕਰਦਾ ਹੈ, ਮੁੱਲ ਦੀਆਂ ਚੀਜ਼ਾਂ ਦੀ ਨਹੀਂ। ਅੱਜ ਜਿੱਥੇ ਨੌਜਵਾਨ ਪੀੜ੍ਹੀ ਮਹਿੰਗੇ ਸ਼ੌਂਕਾਂ ਦੀ ਗੁਲਾਮ ਹੈ, ਉੱਥੇ ਅਜਿਹੀ ਨਿੱਗਰ ਸੋਚ ਵਾਲੇ ਨੌਜਵਾਨ ਸਾਡੇ ਸਮਾਜ ਲਈ ਚਾਨਣ ਮੁਨਾਰਾ ਹਨ। ਸੋ, ਆਪਣੀ ਜ਼ਿੰਦਗੀ ਨੂੰ ਸੁਖਮਈ ਬਤੀਤ ਕਰਨ ਲਈ ਅਜਿਹੇ ਚੰਗੇ ਗੁਣਾਂ ਦੇ ਧਾਰਨੀ ਬਣੀਏ ਅਤੇ ਖਾਹਿਸ਼ਾਂ ਦੇ ਘੋੜੇ ਨੂੰ ਵੀ ਲਗਾਮ ਪਾ ਕੇ ਰੱਖੀਏ। **ਪਿੰਡ ਜਲਵੇੜਾ, ਫ਼ਤਹਿਗੜ੍ਹ ਸਾਹਿਬ।**



# ਦੋਸ਼ਤ ਹਨ ਸਟਰੀਟਲਾਈਟ ਦੀ ਤਰ੍ਹਾਂ

**ਊਸ਼ਾ ਜੈਨ ਸ਼ੀਰੀ**

ਜੀਵਨ ਵਿਚ ਦੋਸਤਾਂ ਨਾਲ ਗੁਜ਼ਾਰੇ ਪਲ ਯਾਦਗਾਰ ਬਣ ਜਾਂਦੇ ਹਨ। ਜੀਵਨ ਵਿਚ ਹਰ ਮੋੜ 'ਤੇ ਇਸ ਸਾਥ ਦੀ ਅਹਿਮੀਅਤ ਹੈ। ਚਾਹੇ ਘੁੰਮਣਾ-ਫਿਰਨਾ, ਪਿਕਨਿਕ, ਮੌਜਮਸਤੀ, ਸਮਾਗਮ ਹੋਵੇ ਜਾਂ ਅੰਦਰਲੀਆਂ ਗੱਲਾਂ ਸਾਂਝੀਆਂ ਕਰਨ ਦੀ ਬੇਚੈਨੀ ਹੋਵੇ, ਕਈ ਗੱਲਾਂ ਅਸੀਂ ਸਿਰਫ ਆਪਣੇ ਦੋਸਤਾਂ ਨਾਲ ਹੀ ਸਾਂਝੀਆਂ ਕਰਨੀਆਂ ਪਸੰਦ ਕਰਦੇ ਹਾਂ।

× ਦੋਸਤ ਕਦੇ ਵੀ ਤੁਹਾਡੇ ਲਈ ਘਰ ਦੀ ਬਣੀ ਕੋਈ ਚੰਗੀ ਜਿਹੀ ਡਿਸ਼ ਲੈ ਕੇ ਆਉਂਦੀਆਂ ਹਨ। ਉਨ੍ਹਾਂ ਨੂੰ ਤੁਹਾਡੇ ਘਰ ਆਉਣ 'ਤੇ ਡਸਟਿੰਗ ਜਾਂ ਬਾਥਰੂਮ ਸਾਫ਼ ਕਰਨ ਤੋਂ ਵੀ ਗੁਰੇਜ਼ ਨਹੀਂ ਹੁੰਦਾ। ਉਹ ਤੁਹਾਡੇ ਬੱਚਿਆਂ ਦੀ ਬੇਬੀ ਸਿਟਿੰਗ ਕਰ ਲੈਣਗੀਆਂ। ਤੁਹਾਡੀ ਗੁਪਤ ਜਾਣਕਾਰੀ ਵੀ ਸੀਨੇ ਵਿਚ ਛੁਪਾ ਲੈਣਗੀਆਂ।

× ਤੁਹਾਡੇ ਮੰਗਣ 'ਤੇ ਉਹ ਤੁਹਾਨੂੰ ਸਹੀ ਸਲਾਹ ਦੇਣਗੀਆਂ। ਇਹ ਤੁਹਾਡੇ 'ਤੇ ਹੈ ਕਿ ਤੁਸੀਂ ਉਸ ਨੂੰ ਮੰਨਣਾ ਜਾਂ ਨਹੀਂ ਮੰਨਣਾ।

× ਝੂਠੀ ਪ੍ਰਸੰਸਾ ਉਹ ਨਹੀਂ ਕਰਦੀਆਂ। ਨਾ ਗਲਤ ਗੱਲ ਨੂੰ ਬੜਾਵਾ ਦਿੰਦੀਆਂ ਹਨ। ਤੁਹਾਡੀ ਪਸੰਦ ਉਨ੍ਹਾਂ ਦੀ ਪਸੰਦ ਨਾਲ ਨਾ ਵੀ ਮਿਲੇ, ਇਸ ਨੂੰ ਲੈ ਕੇ ਤੁਹਾਡੇ ਨਾਲ ਉਨ੍ਹਾਂ ਦਾ ਪਿਆਰ ਘੱਟ ਨਹੀਂ ਹੋਵੇਗਾ।

× ਮੁਸੀਬਤ ਵਿਚ ਤੁਹਾਡਾ ਸਾਥ ਦਿੰਦੇ ਹੋਏ ਮੁਸ਼ਕਿਲਾਂ ਨਾਲ ਜੂਝਣ ਵਿਚ ਮਦਦ ਕਰਦੀਆਂ ਹਨ।

× ਟੁੱਟੇ ਰਿਸ਼ਤਿਆਂ ਦੀ ਮਾਰ ਸਹਿਣ ਵਿਚ ਮਦਦਗਾਰ ਹੁੰਦੀਆਂ ਹਨ। ਨੌਕਰੀ ਛੁੱਟਣ 'ਤੇ ਤੁਹਾਨੂੰ ਤਣਾਅ ਵਿਚ ਆਉਣ ਤੋਂ ਬਚਾਉਂਦੀਆਂ ਹਨ। ਜਦੋਂ ਬੱਚੇ ਤੁਹਾਡਾ ਦਿਲ ਤੋੜ ਦੇਣ ਤਾਂ ਤੁਹਾਡੀ ਗੱਲ ਹਮਦਰਦੀ ਨਾਲ ਸੁਣਦੀਆਂ ਹਨ। ਟੁੱਟੇ ਦਿਲ ਨੂੰ ਜੋੜਨ ਵਿਚ ਸਹਾਇਤਾ ਕਰਦੀਆਂ ਹਨ। ਤੁਹਾਡੀ ਖੁਸ਼ੀ ਨੂੰ ਆਪਣੇ ਨਾਲ ਸਾਂਝਾ ਕਰਦੀਆਂ



ਹਨ। ਤੁਹਾਨੂੰ ਦੁੱਖ ਦੇਣ ਵਾਲੇ ਜਾਂ ਤੁਹਾਡੇ ਦੁਸ਼ਮਣ ਦੀਆਂ ਉਹ ਦੁਸ਼ਮਣ ਬਣ ਜਾਂਦੀਆਂ ਹਨ।

× ਸਮੇਂ ਦਾ ਦਰਿਆ ਵਗਦਾ ਜਾਂਦਾ ਹੈ। ਦੂਰੀਆਂ ਵਿਛੋਹ ਲੈ ਆਉਂਦੀਆਂ ਹਨ। ਬੱਚੇ ਵੱਡੇ ਹੋ ਕੇ ਘਰ ਖਾਲੀ ਕਰ ਜਾਂਦੇ ਹਨ। ਦਿਲ ਟੁੱਟਦੇ ਹਨ, ਨੌਕਰੀ ਬਦਲਦੀ ਹੈ। ਕੈਰੀਅਰ ਦਾ ਖਾਤਮਾ ਹੋ ਸਕਦਾ ਹੈ। ਮਾਂ-ਬਾਪ ਚਲੇ ਜਾਂਦੇ ਹਨ। ਸਹਿਕਰਮੀ ਅਹਿਸਾਨ ਭੁਲਾ ਦਿੰਦੇ ਹਨ। ਲੋਕ ਵਾਅਦੇ ਕਰਕੇ ਭੁੱਲ ਜਾਂਦੇ ਹਨ, ਇਹ ਕਹਿੰਦੇ ਹੋਏ ਕਿ ਵਾਅਦੇ ਤੋੜਨ ਲਈ ਹੀ ਕੀਤੇ ਜਾਂਦੇ ਹਨ। ਸੁਨਾਮੀ ਆਵੇ ਜਾਂ ਵਿਨਾਸ਼ਕਾਰੀ ਭੁਚਾਲ, ਸਮਾਂ ਅਤੇ ਵਕਤ ਦੀਆਂ ਦੂਰੀਆਂ ਵੀ ਦੋਸਤੀ 'ਤੇ ਆਂਚ ਨਹੀਂ ਆਉਣ ਦਿੰਦੀਆਂ।

× ਜ਼ਿੰਦਗੀ ਜਿਊਣ ਯੋਗ ਅਤੇ ਮਜ਼ੇਦਾਰ ਦੋਸਤੀ ਦੇ ਆਸਰੇ ਹੈ, ਇਸ ਵਿਚ ਸ਼ੱਕ ਨਹੀਂ।

× ਸੱਚੀਆਂ ਦੋਸਤ ਤੁਸੀਂ ਜਿਹੋ ਜਿਹੇ ਵੀ ਹੋ, ਤੁਹਾਨੂੰ ਉਸੇ ਰੂਪ ਵਿਚ ਹੀ ਸਵੀਕਾਰਦੀਆਂ ਅਤੇ ਪਸੰਦ ਕਰਦੀਆਂ ਹਨ। ਉਸ ਦਾ ਵਿਸ਼ਲੇਸ਼ਣ ਨਹੀਂ ਕਰਦੀਆਂ, ਕਿਉਂਕਿ ਉਹ ਜਾਣਦੀਆਂ ਹਨ ਕਿ ਪਰਖਣ ਨਾਲ ਕੋਈ ਆਪਣਾ ਨਹੀਂ ਹੁੰਦਾ।

× ਉਹ ਤੁਹਾਡਾ ਮਨੋਬਲ ਪੱਧਰ ਉੱਚਾ ਕਰਦੀਆਂ ਹਨ। ਤੁਹਾਨੂੰ ਨੀਵਾਂ ਦਿਖਾ ਕੇ ਤੁਹਾਡਾ ਮਨੋਬਲ ਸੁੱਟਣ ਦੀ ਕੋਸ਼ਿਸ਼ ਨਹੀਂ ਕਰਦੀਆਂ।

× ਉਹ ਤੁਹਾਡੇ ਰਾਹ ਦਾ ਰੋੜਾ ਉਦੋਂ ਤੱਕ ਨਹੀਂ ਬਣਦੀਆਂ ਜਦੋਂ ਤੱਕ ਕਿ ਤੁਹਾਡੇ ਖਾਈ ਵਿਚ ਡਿਗਣ ਦਾ ਡਰ ਨਾ ਹੋਵੇ।

× ਦੋਸਤ ਹੀ ਉਹ ਹਸਤੀ ਹਨ, ਜਿਨ੍ਹਾਂ ਦੇ ਸਾਹਮਣੇ ਤੁਸੀਂ ਜਿਹੋ ਜਿਹੇ ਹੋ, ਉਹੋ ਜਿਹੇ ਹੀ ਰਹਿ ਸਕਦੇ ਹੋ, ਬਿਨਾਂ ਮਖੌਟਾ ਪਾਏ।

× ਕਈ ਵਾਰ ਉਹ ਤੁਹਾਨੂੰ ਤੁਹਾਡੇ ਖੁਦ ਨਾਲੋਂ ਵੀ ਜ਼ਿਆਦਾ ਚੰਗੀ ਤਰ੍ਹਾਂ ਸਮਝਦੀਆਂ ਹਨ।

ਅਜਿਹੇ ਵਿਚ ਕੀ ਹਰਜ਼ ਕਿ ਉਨ੍ਹਾਂ ਦੀ ਤੁਲਨਾ ਸਟ੍ਰੀਟਲਾਈਟ ਨਾਲ ਕੀਤੀ ਜਾਵੇ ਜੋ ਰਾਹ ਨੂੰ ਛੋਟਾ ਨਹੀਂ ਬਣਾਉਂਦੀ ਪਰ ਉਸ ਵਿਚ ਰੌਸ਼ਨੀ ਭਰ ਦਿੰਦੀ ਹੈ, ਜਿਸ ਨਾਲ ਤੁਹਾਡਾ ਸਫ਼ਰ ਤੈਅ ਕਰਨਾ ਸਹਿਜ ਮਜ਼ੇਦਾਰ ਹੋ ਜਾਂਦਾ ਹੈ।

# ਕਿਵੇਂ ਉਤਾਰੀਏ ਕੱਪੜਿਆਂ ਤੋਂ ਦਾਗ-ਧੱਬੇ



ਤੇਲ, ਘਿਓ, ਮੱਖਣ, ਗ੍ਰੀਸ ਦੇ ਧੱਬੇ : ਕੱਪੜਿਆਂ ਨੂੰ ਤੇਲ, ਘਿਓ, ਮੱਖਣ ਵਗੈਰਾ ਦੇ ਦਾਗ਼ ਲਗ ਜਾਣ ਤਾਂ ਗਰਮ ਪਾਣੀ ਅਤੇ ਸਰਫ਼ ਦੇ ਘੋਲ ਵਿਚ ਲਾਹੁਣੇ ਚਾਹੀਦੇ। ਸੌਖਿਆਂ ਹੀ ਦਾਗ਼ ਲਹਿ ਜਾਣਗੇ।

**ਸਬਜ਼ੀ, ਹਲਦੀ ਦੇ ਦਾਗ਼ :** ਅਜਿਹੇ ਦਾਗ਼ ਵਾਲੇ ਕੱਪੜਿਆਂ ਨੂੰ ਸਾਧਾਰਨ ਸਾਬਣ ਦੇ ਪਾਣੀ ਨਾਲ ਧੋ ਕੇ ਖੁਲ੍ਹੀ ਹਵਾ ਵਿਚ ਸੁੱਕਣ ਲਈ ਧੁੱਪ ਵਿਚ ਰੱਖ ਦਿਉ। ਦਾਗ਼ ਲਹਿ ਜਾਣਗੇ। ਜੇਕਰ ਕੱਪੜੇ ਸਿਲਕ ਦੇ ਹੋਣ ਤਾਂ ਪੋਟਾਸ਼ੀਅਮ ਪਰਮੈਂਗਨੇਟ ਅਤੇ ਅਮੋਨੀਆ ਦੇ ਘੋਲ ਵਿਚ ਡੁਬਾਉਣੇ ਚਾਹੀਦੇ ਹਨ।

**ਚਾਹ, ਕਾਫੀ, ਚਾਕਲੇਟ, ਕੋਕੋ ਦੇ ਦਾਗ਼ :** ਜਦੋਂ ਕੱਪੜਿਆਂ 'ਤੇ ਇਨ੍ਹਾਂ ਸਭ ਦੇ ਦਾਗ਼ ਲਗ ਜਾਣ ਤਾਂ ਕੱਪੜੇ 'ਤੇ ਉੱਬਲਦਾ ਪਾਣੀ ਪਾਓ। ਨਾ ਉਤਰਨ 'ਤੇ ਥੋੜ੍ਹਾ ਜਿਹਾ ਬੋਰੈਕਸ ਇਸ ਦੇ ਉੱਪਰ ਪਾਓ। ਇਸ ਨਾਲ ਵੀ ਨਾ ਲਹਿਣ ਤਾਂ ਹਾਈਡ੍ਰੋਜਨ ਪਰ-ਆਕਸਾਈਡ ਦੇ ਘੋਲ ਵਿਚ ਪਾਓ। ਅਖੀਰ ਵਿਚ ਦਾਗ਼ ਨਾ ਜਾਏ ਤਾਂ ਨਿੰਬੂ ਨਮਕ ਵੀ ਅਜ਼ਮਾਇਆ ਜਾ ਸਕਦਾ ਹੈ।

**ਆਈਸਕ੍ਰੀਮ ਦੇ ਦਾਗ਼ :** ਜੇਕਰ ਆਈਸਕ੍ਰੀਮ ਦੇ ਦਾਗ਼ ਕੱਪੜਿਆਂ 'ਤੇ ਲੱਗ ਜਾਣ ਤਾਂ ਅਮੋਨੀਆ ਦਾ ਘੋਲ ਪਾਓ। ਦਾਗ਼ ਜ਼ਰੂਰ ਲਹਿ ਜਾਣਗੇ।

ਪੇਂਟ ਅਤੇ ਵਾਰਨਿਸ਼ ਦੇ ਦਾਗ਼ : ਮਿੱਟੀ ਦੇ (ਕੈਰੋਸੀਨ) ਤੇਲ ਵਿਚ ਦਾਗ਼ ਲੱਗੇ ਕੱਪੜੇ ਭਿਉਂ ਦਿਉ। ਦਾਗ਼ ਸੌਖਿਆਂ ਹੀ ਨਿਕਲ ਜਾਣਗੇ।

**ਖ਼ੂਨ ਦੇ ਧੱਬੇ :** ਜੇਕਰ ਕੱਪੜਿਆਂ ਵਿਚ ਖ਼ੂਨ ਦਾ ਦਾਗ਼ ਲੱਗ ਜਾਵੇ ਤਾਂ ਤੁਰੰਤ ਪਾਣੀ ਨਾਲ ਧੋ ਦਿਓ। ਜੇਕਰ ਪੁਰਾਣਾ ਹੋਵੇ ਤਾਂ ਉਸ 'ਤੇ ਸਟਾਰਚ ਦਾ ਪੇਸਟ ਫੈਲਾਓ ਅਤੇ ਕੁਝ ਦੇਰ ਤੱਕ ਸੁੱਕਣ ਦਿਓ। ਫਿਰ ਭਿਉਂ ਕੇ ਬੁਰਸ਼ ਨਾਲ ਰਗੜੋ, ਧੱਬੇ ਲਹਿ ਜਾਣਗੇ।- **ਜੇ. ਕੇ. ਸ਼ਾਸਤਰੀ**

# ਪੰਜਾਬੀਆਂ ਦੇ ਰੁੱਤਾਂ ਅਨੁਸਾਰ ਅਨੁਭਵ

**ਡਾ. ਰਾਜਵੰਤ ਕੌਰ ਪੰਜਾਬੀ**

ਪੰਜਾਬੀ 6 ਰੁੱਤਾਂ ਰਾਹੀਂ ਪ੍ਰਕਿਰਤੀ ਦੇ ਲਗਪਗ ਹਰ ਰੂਪ ਦੇ ਦਰਸ਼ਨ-ਦੀਦਾਰ ਕਰ ਲੈਂਦੇ ਹਨ। ਰੁੱਤਾਂ ਦਾ ਸ਼ਿੰਗਾਰ ਕਰਨ ਦਾ ਆਪੋ-ਆਪਣਾ ਤਰੀਕਾ ਹੈ। ਇਸੇ ਕਰ ਕੇ ਹਰ ਰੁੱਤ ਦਾ ਇੱਕ-ਦੂਜੀ ਨਾਲੋਂ ਅੱਡਰਾ ਰੂਪ, ਵੱਖਰਾ ਮਿਜਾਜ਼, ਮੌਲਿਕ ਅੰਦਾਜ਼, ਅਦਭੁਤ ਸੁਭਾਅ, ਸੁਹਜ-ਸੁੰਦਰਤਾ ਤੇ ਵਿਸ਼ੇਸ਼ ਮਹੱਤਵ ਹੈ। ਪਿੰਡਾਂ ਦੇ ਲੋਕਾਂ ਦਾ ਇਨ੍ਹਾਂ ਸਭਨਾਂ ਰੁੱਤਾਂ ਨਾਲ ਨਜ਼ਦੀਕੀ ਸਬੰਧ ਰਿਹਾ ਹੈ। ਇਸੇ ਕਰ ਕੇ ਉਹ ਰੁੱਤ-ਰਾਜ ਬਸੰਤ, ਰੁੱਤ-ਰਾਣੀ ਪਤਝੜ, ਤੱਤੀਆਂ ਲੂੰਆਂ ਵਾਲੇ ਮਾਰੂ ਮਹੀਨੇ ਜੇਠ, ਚੌਮਾਸੇ ਦੇ ਮਾਨਸੂਨੀ ਬੱਦਲਾਂ ਅਤੇ ਘੋਰ ਸਰਦੀ ਦਾ ਅਨੁਭਵ ਪਿੰਡੇ 'ਤੇ ਹੰਢਾਉਂਦਿਆਂ ਪ੍ਰਕਿਰਤੀ ਦੇ ਵਿਲੱਖਣ ਗੁਣਾਂ-ਔਗੁਣਾਂ ਦਾ ਨਿਰੀਖਣ ਕਰਦਿਆਂ, ਆਉਂਦੇ ਮੌਸਮੀ ਬਦਲਾਵਾਂ ਦੇ ਗਵਾਹ ਬਣ ਕੇ ਵਿਭਿੰਨ ਕਿਸਮ ਦੀ ਲੋਕਧਾਰਾ ਦੀ ਸਿਰਜਣਾ ਕਰਦੇ ਰਹੇ ਹਨ।

ਭਰ ਗਰਮੀ ਵਿਚ ਪੰਜਾਬੀ ਸਾਉਣ-ਭਾਦੋਂ ਭਾਵ ਮੀਂਹ ਵਾਲੇ ਮਹੀਨਿਆਂ ਦਾ ਇੰਤਜ਼ਾਰ ਕਰਨ ਲੱਗ ਪੈਂਦੇ ਹਨ। ਪਹਿਲੇ ਮੀਂਹ 'ਤੇ ਹੀ ਉਹ ਸਾਵਣ ਮਹੀਨੇ ਦਾ ਸਵਾਗਤ ਖੀਰ-ਪੂੜਿਆਂ ਨਾਲ ਕਰਦੇ ਹਨ। ਭਾਵੇਂ ਸਾਉਣ-ਭਾਦੋਂ ਦੇ ਮਹੀਨਿਆਂ ਵਿਚ ਕਦੇ ਮੌਸਮ ਸੁਹਾਵਣਾ ਤੇ ਕਦੇ ਹੁੰਮਸ ਹੋ ਜਾਂਦੀ ਹੈ। ਭਾਦੋਂ 'ਚ ਵੀ ਪੂਰੀ ਧੁੱਪ ਤਿੜਕਣ ਲੱਗ ਪੈਂਦੀ ਹੈ। ਕਦੇ ਗਰਮੀ ਲਗਦੀ ਹੈ ਤੇ ਕਦੇ ਪੂਰਾ ਵੱਟ ਹੋ ਜਾਂਦਾ ਹੈ। ਕਦੇ ਪੁਰੇ ਦੀ ਹਵਾ ਚੱਲਦੀ ਹੈ ਤੇ ਕਦੇ ਵਾਤਾਵਰਨ ਪੂਰਾ ਗੁੰਮ ਹੋ ਜਾਂਦਾ ਹੈ। ਕਦੇ ਘੁਟਣ ਜਿਹੀ ਮਹਿਸੂਸ ਹੋਣ ਲਗਦੀ ਹੈ ਤੇ ਕਦੇ ਪਿੰਡਾ ਚਿਪਚਿਪਾ ਹੋਣ ਲੱਗ ਪੈਂਦਾ ਹੈ। ਅੱਸੂ 'ਚ ਜਾ ਕੇ ਪੌਣ ਰੁਮਕਦੀ ਹੈ ਤਾਂ ਠੰਢ ਪੈਣੀ ਸ਼ੁਰੂ ਹੁੰਦੀ ਹੈ। ਯਾਨੀ ਦੁਸਹਿਰੇ ਤੱਕ ਇਹੀ ਮੌਸਮ ਰਹਿੰਦਾ ਹੈ ਤੇ ਦੁਸਹਿਰੇ ਤੋਂ ਬਾਅਦ ਸ਼ਾਲ, ਕੋਟੀਆਂ ਕੱਢਣ ਦਾ ਮੌਸਮ ਆਉਂਦਾ ਹੈ।

ਪੰਜਾਬੀਆਂ ਦੇ ਘਰਾਂ ਦੀਆਂ ਦੀਵਾਰਾਂ 'ਤੇ ਟੰਗੇ ਅੰਗਰੇਜ਼ੀ ਮਹੀਨਿਆਂ ਵਾਲੇ ਕੈਲੰਡਰ ਉਨ੍ਹਾਂ ਦੇ ਮਨਾਂ ਵਿਚ ਵਸੀਆਂ ਰੁੱਤਾਂ ਦੀ ਬਾਤ ਨਹੀਂ ਪਾਉਂਦੇ। ਜੁਲਾਈ-ਅਗਸਤ ਨੂੰ ਹੀ ਲੈ ਲਓ। ਕੀ ਉਹ ਆਪਣੇ ਦਿਮਾਗ 'ਤੇ ਸਾਵਣ ਮਹੀਨੇ ਦੇ ਸੁਹਾਵਣੇ ਬਰਸਾਤੀ ਮੌਸਮ ਦੇ ਚਿੱਤਰਾਂ ਨੂੰ ਉਭਾਰਦੇ ਹਨ ? ਮੈਨੂੰ ਤਾਂ ਲਗਦਾ ਹੈ, ਨਹੀਂ। ਸਾਡੇ ਬਾਗ਼-ਬਗੀਚਿਆਂ ਤੇ ਖੇਤਾਂ ਵਿਚ ਤਾਂ ਦੇਸੀ ਮਹੀਨੇ ਹੀ ਬਦਲਦੇ ਹਨ, ਅੰਗਰੇਜ਼ੀ ਨਹੀਂ। ਸਾਵਣ ਚੜ੍ਹਦਾ ਹੈ ਤਾਂ ਬਾਲਾਂ, ਜਵਾਨਾਂ ਤੇ ਬਜ਼ੁਰਗਾਂ ਸਭ ਦਾ ਪ੍ਰਕਿਰਤੀ ਨਾਲ ਸਿੱਧਾ ਨਾਤਾ ਜੁੜ ਜਾਂਦਾ ਹੈ। ਬੱਚਿਆਂ ਨੂੰ ਮੀਂਹਾਂ ਵਾਲਾ ਮੌਸਮ ਬੜਾ ਪਿਆਰਾ ਲਗਦਾ ਹੈ। ਉਹ ਮੀਂਹ 'ਚ ਨਹਾਉਂਦੇ ਤੇ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਤਰਾਉਂਦੇ ਹਨ। ਸੁਦਰਸ਼ਨ ਫ਼ਾਕਿਰ ਆਪਣੇ ਇਸ ਸ਼ੇਅਰ ਵਿਚ ਬਚਪਨ ਵਿਚ ਕੀਤੀਆਂ ਸਾਵਣ ਮਹੀਨੇ ਦੀਆਂ ਖਰਮਸਤੀਆਂ ਦਾ ਦ੍ਰਿਸ਼ ਚਿਤਰਨ ਇਸ ਪ੍ਰਕਾਰ ਕਰਦਾ ਹੈ :

ਯੇ ਦੌਲਤ ਭੀ ਲੇ ਲੋ ਯੇ ਸ਼ੌਹਰਤ ਭੀ ਲੇ ਲੋ,
ਭਲੇ ਛੀਨ ਲੋ ਮੁਝਸੇ ਮੇਰੀ ਜਵਾਨੀ।
ਮਗਰ ਮੁਝਕੋ ਲੌਟਾ ਦੋ ਬਚਪਨ ਕਾ ਸਾਵਨ,
ਵੋ ਕਾਗ਼ਜ਼ ਕੀ ਕਸ਼ਤੀ ਵੋ ਬਾਰਿਸ਼ ਕਾ ਪਾਨੀ।

ਮਾਵਾਂ ਸਵਾਦੀ ਪਕਵਾਨ ਬਣਾਉਣ 'ਚ ਰੁੱਝੀਆਂ ਹੁੰਦੀਆਂ ਹਨ, ਇਸ ਲਈ ਬੱਚੇ ਬੇਖੌਫ਼ ਮਸਤੀ ਕਰਦੇ ਹਨ। ਇਕ ਪਾਸੇ ਉਹ ਬਹੁਤ ਖੁਸ਼ ਹੁੰਦੇ ਹਨ ਤੇ ਦੂਜੇ ਪਾਸੇ ਪਿੰਡਾਂ ਵਿਚ ਜਗ੍ਹਾ-ਜਗ੍ਹਾ ਲੱਗੀਆਂ ਰੂੜੀਆਂ ਹੋਣ ਕਰ ਕੇ ਗਲੀਆਂ ਵਿਚ ਫਿਰਦੇ ਪ੍ਰਦੂਸ਼ਿਤ ਪਾਣੀ ਕਾਰਨ ਕਈ ਕਿਸਮ ਦੇ ਚਮੜੀ ਰੋਗ ਸਹੇੜ ਲੈਂਦੇ ਹਨ। ਉਹ ਧਰਤੀ 'ਤੇ ਸ਼ੋਰ ਮਚਾਉਂਦੇ ਹਨ ਤੇ ਪੰਛੀ ਆਕਾਸ਼ ਵਿਚ ਚਹਿਚਹਾਉਂਦੇ ਹਨ। ਕਾਲੀ ਘਟਾ ਦੇਖ ਕੇ ਮੋਰ ਮਸਤ ਹੁੰਦੇ ਤੇ ਪੈਲਾਂ ਪਾਉਂਦੇ ਹਨ। ਬੱਦਲਾਂ ਦੀ ਗਰਜ ਸੁਣ ਕੇ ਮੋਰਾਂ ਦੀ 'ਮੇਂ ਆਓ ਮੇਂ ਆਓ' ਜਿੱਥੇ ਵਾਤਾਵਰਨ ਨੂੰ ਰਸ-ਭਿੰਨਾ ਕਰ ਦਿੰਦੀ ਉਥੇ ਏਦਾਂ ਜਾਪਦਾ ਜਿਵੇਂ ਉਹ ਮੌਨਸੂਨ ਨੂੰ ਸੱਦਾ ਦੇ ਰਹੇ ਹੋਣ। ਤਿਤਲੀਆਂ, ਭੰਵਰੇ ਖੁਸ਼ੀ ਵਿਚ ਇਧਰ-ਉਧਰ ਝੂਮਦੇ ਨਜ਼ਰ ਆਉਂਦੇ ਹਨ। ਪੰਛੀ ਪਿੰਡਾਂ ਵਿਚ ਨਿੰਮ, ਕਿੱਕਰ, ਟਾਹਲੀ ਤੇ ਪਿੱਪਲ ਉਤੇ ਆਪਸ ਵਿਚ ਕਲੋਲਾਂ ਕਰਦੇ ਨਜ਼ਰ ਆਉਂਦੇ ਹਨ। ਬਾਰਿਸ਼ ਦੀ ਖ਼ਬਰ ਰੱਖਣ ਵਾਲੇ ਡੱਡੂ ਬਰਸਾਤੀ ਰਾਤਾਂ ਵਿਚ ਟਰ-ਟਰ ਕਰ ਕੇ ਨਿਰਾਲਾ ਸੰਗੀਤ ਪੈਦਾ ਕਰਦੇ ਹਨ। ਸੱਪ ਵਰਮੀਆਂ/ਖੱਡਾਂ ਵਿਚੋਂ ਬਾਹਰ ਨਿਕਲ ਆਉਂਦੇ ਹਨ।





ਮੌਸਮ ਦੇ ਮਿਜਾਜ਼ ਤੇ ਮੌਨਸੂਨੀ ਹਵਾਵਾਂ ਦੇ ਰੁਖ਼ ਨੂੰ ਅਨੁਭਵ ਕਰ ਕੇ ਸੂਝਵਾਨ ਪਰਿੰਦੇਆਪਣੇ ਠਿਕਾਣੇ ਬਦਲਣ ਵਿਚ ਦੇਰ ਨਹੀਂ ਲਾਉਂਦੇ। ਸਾਡੇ ਵੱਡੇ-ਵਡੇਰਿਆਂ ਦਾ ਵਿਗਿਆਨ ਪ੍ਰਕਿਰਤੀ, ਸੂਰਜ, ਚੰਦਰਮਾਂ, ਹਵਾ, ਪਸ਼ੂ-ਪੰਛੀ, ਦਿਨਾਂ-ਮਹੀਨਿਆਂ ਤੇ ਬੱਦਲਾਂ ਦੇ ਰੰਗ-ਢੰਗ 'ਤੇ ਹੀ ਅਧਾਰਿਤ ਹੁੰਦਾ ਸੀ। ਵਾਤਾਵਰਨ ਦੇ ਪਰਿਵਰਤਨ ਪ੍ਰਤਿ ਜੀਵ-ਜਗਤ ਤੇ ਵਣ-ਬਨਸਪਤੀ ਦੀ ਸੰਵੇਦਨਸ਼ੀਲਤਾ ਨੂੰ ਉਹ ਧਿਆਨ ਨਾਲ ਵਾਚਦੇ-ਵਾਚਦੇ ਮੌਸਮ ਵਿਗਿਆਨੀ ਬਣ ਜਾਂਦੇ ਸਨ ਤੇ ਪੂਰਵ ਅਨੁਮਾਨ ਲਗਾ ਲੈਂਦੇ ਸਨ ਕਿ ਬਾਰਿਸ਼ਾਂ ਹੋਣਗੀਆਂ ਜਾਂ ਅਕਾਲ ਪਊ।

ਉਨ੍ਹਾਂ ਆਖਣਾ ਅੰਬਾਂ ਦੇ ਦਰੱਖ਼ਤਾਂ 'ਤੇ ਖੁਸ਼ੀ ਵਿਚ ਕੂਕਦੀਆਂ ਕੋਇਲਾਂ ਮੀਂਹ ਆਉਣ ਦਾ ਸੰਦੇਸ਼ ਦਿੰਦੀਆਂ ਹਨ। ਸੂਰਜ ਜਾਂ ਚੰਦ ਦੇ ਆਲੇ-ਦੁਆਲੇ ਪ੍ਰਕਾਸ਼-ਮੰਡਲ ਦਿਸਦਾ ਤਾਂ ਬਜ਼ੁਰਗ ਭਵਿੱਖਬਾਣੀ ਕਰਦੇ ਕਿ ਮੋਹਲੇਧਾਰ ਮੀਂਹ ਪਊ। ਜੇ ਉਤਰਦੇ ਜੇਠ ਡੱਡੂ ਬੋਲਦੇ ਤਾਂ ਕਹਿੰਦੇ ਬੱਦਲ ਜ਼ਰੂਰ ਵਰ੍ਹੇਗਾ। ਜੇਠ ਜ਼ਿਆਦਾ ਤਪਦਾ ਤਾਂ ਆਖਦੇ ਇਹ ਤਪਸ਼ ਹਾੜ੍ਹ ਵਿਚ ਮੀਂਹ ਲਿਆਊ ਜੋ ਫਲਦਾਇਕ ਵੀ ਹੋਵੇਗਾ। ਉਨ੍ਹਾਂ ਦੀ ਇਸ ਸਿਆਣਪ ਨੂੰ ਇਹ ਅਖਾਣ ਬਾਖ਼ੂਬੀ ਪ੍ਰਗਟ ਕਰਦੇ ਹਨ, 'ਜੇਠ ਤਾਏ ਤੇ ਹਾੜ ਵਸਾਏ ਤੇ ਸਾਵਣ ਲਾਏ, ਉਸ ਮੁਲਖ ਦੇ ਕਾਲ ਕਿਉਂ ਨੇੜੇ ਆਏ' ਅਤੇ 'ਜੇਠ ਹਾੜ ਤਾਏ, ਸਾਵਣ ਭਾਦਰੋਂ ਲਾਏ'। ਹਾੜ੍ਹ ਬਗ਼ੈਰ ਬੂੰਦਾਬਾਦੀ ਦੇ ਲੰਘਦਾ ਤਾਂ ਕਹਿੰਦੇ ਮੀਂਹ ਮਹੀਨਾ-ਡੇਢ ਮਹੀਨਾ ਹੋਰ ਟਲ ਸਕਦਾ ਹੈ। ਸਾਉਣ ਦੀ ਪੰਚਮੀ ਨੂੰ ਤੇਜ ਹਵਾ ਚੱਲਦੀ ਤਾਂ ਅਕਾਲ ਪੈਣ ਦੀ ਗੱਲ ਕਰਦੇ। ਜੇ ਕੇਸੂ ਨੂੰ ਫੁੱਲ ਨਾ ਪੈਂਦੇ ਤਾਂ ਉਹ ਕਹਿੰਦੇ ਮੀਂਹ ਨਹੀਂ ਪੈਣੇ। ਛੱਪੜਾਂ ਟੋਭਿਆਂ ਕਿਨਾਰੇ ਜਾਂ ਖੇਤਾਂ ਵਿਚ ਰਹਿੰਦੀ ਟਟੀਹਰੀ ਨੂੰ ਦੇਖ ਕੇ ਬਜ਼ੁਰਗਾਂ ਆਖਣਾ,'ਟਟੀਹਰੀ ਨੂੰ ਵਕਤ ਵਿਚਾਰਨਾ ਆਉਂਦੈ'। ਟਟੀਹਰੀ ਅਕਸਰ ਆਪਣਾ ਆਲ੍ਹਣਾ ਛੋਟੇ-ਮੋਟੇ ਕੰਕਰ-ਪੱਥਰ ਇਕੱਠੇ ਕਰ ਕੇ ਧਰਤੀ 'ਤੇ ਬਣਾਉਂਦੀ ਹੈ ਜਿਸ ਵਿਚ ਉਹ ਅੰਡੇ ਦਿੰਦੀ ਹੈ। ਪਰੰਤੂ ਜਦੋਂ ਆਂਡੇ ਦੇਣ ਵੇਲੇ ਉਹ ਉਚੀ ਥਾਂ ਚੁਣਦੀ ਤਾਂ ਆਖਦੇ ਹੜ੍ਹ ਆਊ ਪਰ ਜੇ ਢਲਾਣੀ ਥਾਂ 'ਤੇ ਆਂਡੇ ਦਿੰਦੀ ਤਾਂ ਸਧਾਰਨ ਤੋਂ ਘੱਟ ਬਾਰਿਸ਼ ਹੋਣ ਦੀ ਗੱਲ ਕਰਦੇ। ਉਂਜ ਵੀ ਟਟੀਹਰੀ ਬੋਲਦੀ ਜਾਂ ਬੰਬੀਹਾ ਬੋਲਦਾ ਜਾਂ ਕੁੱਤੇ ਅਸਮਾਨ ਵੱਲ ਮੂੰਹ ਕਰ ਕੇ ਭਾਕਦੇ ਤਾਂ ਆਖਦੇ ਉਹ ਮੀਂਹ ਮੰਗਦੇ ਹਨ। ਮੀਂਹ ਨਾ ਪੈਂਦੇ ਤਾਂ ਲੋਕ ਮਿੱਠੇ ਚੌਲ ਬਣਾ ਕੇ ਜੱਗ ਕਰਦੇ, ਗ਼ਰੀਬ-ਗੁਰਬੇ ਨੂੰ ਵੀ ਛਕਾਉਂਦੇ ਤੇ ਕੁੱਤਿਆਂ ਨੂੰ ਵੀ ਪਾਉਂਦੇ। ਕੁੱਤੇ ਰੱਜਣ ਉਪਰੰਤ ਜਦੋਂ ਫਿਰ ਉੱਪਰ ਵੱਲ ਮੂੰਹ ਕਰ ਕੇ ਭਾਕਦੇ ਤਾਂ ਵੱਡੇ ਆਖਦੇ ਇਨ੍ਹਾਂ ਦਰਵੇਸ਼ਾਂ ਦੀ ਪੁਕਾਰ ਰੱਬ ਜ਼ਰੂਰ ਪ੍ਰਵਾਨ ਕਰੂ ਤੇ ਮੀਂਹ ਪਾਊ। ਜਦੋਂ ਚਿੜੀਆਂ ਮਿੱਟੀ ਵਿਚ ਨਹਾਉਂਦੀਆਂ, ਮੋਰ ਲਗਾਤਾਰ ਕੂਕਦੇ, ਬੱਕਰੀ ਵਾੜੇ 'ਚ ਛਿੱਕਦੀ, ਬਿੱਲੀ ਨਿੱਛ ਮਾਰਦੀ ਜਾਂ ਰਾਤ ਵੇਲੇ ਮਿਮਿਆਉਂਦੀ, ਗੋਹ ਬੋਲਦੀ, ਕੀੜੀਆਂ ਆਪਣੇ ਆਂਡੇ ਲੈ ਕੇ ਉੱਪਰ ਨੂੰ ਚੜ੍ਹਦੀਆਂ, ਬੱਦਲ ਘੁਲ ਜਾਂਦੇ, ਕਾਲੀ ਘਟਾ ਚੜ੍ਹ ਆਉਂਦੀ, ਸਾਉਣ ਵਿਚ ਪੁਰੇ ਦੀ ਹਵਾ ਚੱਲਦੀ ਅਤੇ ਘੜੇ ਦਾ ਪਾਣੀ ਗਰਮ ਰਹਿਣ ਲਗਦਾ ਤਾਂ ਕਹਿੰਦੇ ਭਾਰੀ ਮੀਂਹ ਪੈਣ ਦੇ ਆਸਾਰ ਹਨ। ਪਾਵਸ ਨੂੰ ਪਰਖ ਕੇ ਲੋਕ ਮਨ ਵਿਚ ਬਣੇ ਇਹ ਵਿਸ਼ਵਾਸ ਅਕਸਰ ਸਹੀ ਸਿੱਧ ਹੁੰਦੇ। ਉਨ੍ਹਾਂ ਦੀ ਅਜਿਹੀ ਸੋਚ ਦਾ ਪ੍ਰਮਾਣ ਬਣਦੇ ਹਨ ਉਨ੍ਹਾਂ ਵਲੋਂ ਘੜੇ ਮੁਹਾਵਰੇ ਤੇ ਅਖਾਣ। ਕੁਝ ਉਦਾਹਰਨਾਂ ਪੇਸ਼ ਹਨ :

- ਢੇਲੇ ਉਪਰ ਚੀਲ੍ਹ ਜੇ ਬੋਲੇ,
ਗਲੀ ਗਲੀ ਵਿਚ ਪਾਣੀ ਡੋਲੇ।
- ਤਿੱਤਰ ਖੰਭੀ ਬੱਦਲੀ ਰੰਨ ਮਲਾਈ ਖਾ,
ਉਹ ਵੱਸੇ ਉਹ ਉੱਜੜੇ ਇਹ ਗੱਲ ਨਾ ਬਿਰਥੀ ਜਾ।
- ਤਿੱਤਰ ਖੰਭੀ ਬੱਦਲੀ, ਮਿਹਰੀ (ਤੀਵੀਂ) ਸੁਰਮਾ ਪਾ,
ਉਹ ਵਸਾਵੇ ਮੇਘਲਾ, ਉਹਨੂੰ ਖਸਮ ਦੀ ਚਾਹ।
- ਟਿਲਿਉਂ ਗੱਜੇ, ਤਾਂ ਗਾਂ ਚੋਏਦਾ ਭੱਜੇ

ਸਾਡੇ ਵੱਡੇ-ਵਡੇਰੇ ਪ੍ਰਕਿਰਤੀ ਦੇ ਨੇੜੇ ਰਹਿਣ ਕਰ ਕੇ ਪ੍ਰਕਿਰਤੀ ਦੇ ਮਹੱਤਵ ਨੂੰ ਸਮਝਣ ਲੱਗ ਪਏ ਸਨ ਪਰੰਤੂ ਅਸੀਂ ਪ੍ਰਕਿਰਤੀ ਨਾਲੋਂ ਆਪਣਾ ਰਿਸ਼ਤਾ ਤੋੜਦੇ ਜਾ ਰਹੇ ਹਾਂ। ਇਸ ਕਰ ਕੇ ਅਸੀਂ ਬਿਮਾਰੀਆਂ ਦੇ ਵੱਸ ਪੈ ਰਹੇ ਹਾਂ ਅਤੇ ਮਨੁੱਖੀ ਮੌਤ ਦਰ ਵਿਚ ਵੀ ਦਿਨ-ਬ-ਦਿਨ ਵਾਧਾ ਕਰਦੇ ਜਾ ਰਹੇ ਹਾਂ। ਸਾਡੇ ਬਜ਼ੁਰਗ ਜੇਠ-ਹਾੜ ਦੀਆਂ ਲੂੰਆਂ ਤੋਂ ਬਚਣ ਲਈ ਦਿਨੇਂ ਘਰ ਰਹਿ ਕੇ ਵਕਤ ਬਿਤਾਉਂਦੇ ਸਨ ਤੇ ਸਾਉਣ-ਭਾਦੋਂ ਦੀਆਂ ਹੁੰਮਾਂ ਵਿਚ ਦਰੱਖਤਾਂ ਥੱਲੇ ਬੈਠ ਕੇ। ਇਸੇ ਕਰ ਕੇ ਕਹਿੰਦੇ ਸਨ, 'ਜੇਠ ਹਾੜ ਕੁੱਛੀਂ, ਸਾਵਣ ਭਾਦਰੋਂ ਰੁੱਖੀਂ'। ਪਰ ਪ੍ਰਕਿਰਤੀ ਦਾ ਅਨੁਪਮ ਸਰੂਪ ਜੋ ਅਸੀਂ ਦਿਨੋ-ਦਿਨ ਖ਼ਤਮ ਕਰਦੇ ਜਾ ਰਹੇ ਹਾਂ, ਉਸ ਨਾਲ ਪ੍ਰਕਿਰਤਕ ਨਿਆਮਤਾਂ ਸਾਡੇ ਕੋਲੋਂ ਖੁਸਦੀਆਂ ਜਾ ਰਹੀਆਂ ਹਨ। ਜਿੰਨੇ ਕੁ ਰੁੱਖ ਬਚਦੇ ਹਨ, ਉਹ ਅਤੇ ਮਨੁੱਖ, ਫੈਕਟਰੀਆਂ ਤੇ ਡੀਜ਼ਲ ਇੰਜਨ ਵਗੈਰਾ ਤੋਂ ਨਿਕਲਣ ਵਾਲੀ ਦੂਸ਼ਿਤ ਹਵਾ ਕਾਰਨ ਲੋੜੀਂਦੇ ਪੌਸ਼ਕ ਤੱਤ ਨਾ ਮਿਲਣ ਕਾਰਨ ਮਾਂਦੇ ਪੈ ਰਹੇ ਹਨ। ਵਿਕਾਸ ਦੇ ਨਾਂਅ 'ਤੇ ਅਸੀਂ ਅੰਨ੍ਹੇਵਾਹ ਦਰੱਖਤ ਕੱਟਦੇ ਰਹੇ ਤਾਂ ਜਲਵਾਯੂ ਪਰਿਵਰਤਨ ਹੁੰਦਾ ਹੀ ਰਹੇਗਾ। ਸਾਨੂੰ ਇਹ ਮਾਰੂ ਨਾਚ ਨੱਚਣਾ ਬੰਦ ਕਰਨਾ ਚਾਹੀਦਾ ਹੈ। ਅਸੀਂ ਉਨ੍ਹਾਂ ਦਿਨਾਂ ਨੂੰ ਯਾਦ ਕਰਨ ਲਈ ਜਿਊਂਦੇ ਵੀ ਨਹੀਂ ਰਹਾਂਗੇ ਜਦੋਂ ਰਾਗ ਮਲ੍ਹਾਰ ਦਾ ਅਲਾਪ ਸ਼ੁਰੂ ਹੁੰਦਿਆਂ ਹੀ ਬੱਦਲ ਧਰਤੀ ਨੂੰ ਮਿਲਣ ਲਈ ਉਤਾਵਲੇ ਹੋ ਜਾਂਦੇ ਸਨ ਤੇ ਛਮ-ਛਮ ਮੀਂਹ ਪੈਣ ਲੱਗ ਪੈਂਦਾ ਸੀ। ਭਾਰਤ ਵਿਚੋਂ ਪੰਜਾਬ ਵਿਚ ਸਿਰਫ਼ ਸਾਢੇ ਤਿੰਨ ਪ੍ਰਤੀਸ਼ਤ ਜੰਗਲੀ ਖੇਤਰ ਰਹਿ ਗਿਆ ਹੈ। ਯਾਨੀ ਜੰਗਲ ਅਸੀਂ ਲਗਪਗ ਖ਼ਤਮ ਕਰ ਦਿੱਤੇ ਹਨ। ਇਹ ਸਥਿਤੀ ਸਾਨੂੰ ਤਾਕੀਦ ਕਰ ਰਹੀ ਹੈ ਕਿ ਅਸੀਂ ਪ੍ਰਕਿਰਤਕ ਨਿਆਮਤਾਂ ਦੀ ਅਹਿਮੀਅਤ ਪਛਾਣੀਏ, ਸਵੀਕਾਰੀਏ ਤੇ ਇਨ੍ਹਾਂ ਨੂੰ ਪ੍ਰਮਾਤਮਾ ਦਾ ਵਰਦਾਨ ਤੇ ਪ੍ਰਸ਼ਾਦ ਸਮਝ ਕੇ ਗ੍ਰਹਿਣ ਕਰਨ ਦੇ ਮਾਰਗ ਪਈਏ ਤਾਂ ਹੀ ਅਸੀਂ ਭਵਿੱਖ ਦੀਆਂ ਇਨਸਾਨੀ ਨਸਲਾਂ ਨੂੰ ਜਿਊਂਦੇ ਰੱਖਣ ਵਿਚ ਆਪਣਾ ਉਸਾਰੂ ਯੋਗਦਾਨ ਪਾ ਰਹੇ ਹੋਵਾਂਗੇ। ਸੋ ਸੰਭਲਣ ਲਈ ਯੋਗ ਸਮਾਂ ਹੈ। ਜੇ ਇਹ ਹੱਥੋਂ ਗੁਆ ਲਿਆ ਤਾਂ ਵੇਲੇ ਨੂੰ ਰੋਵਾਂਗੇ ਤੇ ਸੌ ਵਾਰ ਪਛਤਾਉਣ ਨਾਲ ਵੀ ਵੇਲਾ ਮੁੜ ਹੱਥ ਨਹੀਂ ਆਉਣਾ। ਇਸੇ ਅਨੁਭਵ ਨੂੰ ਹੀ ਤਾਂ ਇਹ ਅਖਾਣ ਪ੍ਰਗਟਾ ਰਿਹਾ ਹੈ 'ਵੇਲਾ ਵਖ਼ਤ ਵਿਹਾਣਿਆ, ਕੀ ਹੁੰਦਾ ਪੱਛੋਤਾਣਿਆਂ'। ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਨੈਸ਼ਨਲ ਹਾਈਵੇਅ ਬਣਿਆ ਪ੍ਰਾਈਵੇਟ ਸਕੂਲ ਬੱਸਾਂ ਦੀ ਨਾਜਾਇਜ਼ ਪਾਰਕਿੰਗ

**• ਬੱਚਿਆਂ ਦੀ ਸੁਰੱਖਿਆ ਖਤਰੇ ਚ, ਟਰੈਫਿਕ ਪੁਲਿਸ ਨੇ ਅੱਖਾਂ ਮੀਟੀਆਂ • ਸਾਰੀ ਰਾਤ ਲਾਵਾਰਿਸ ਖੜਦੀਆਂ ਬੱਸਾਂ ਰਾਹਗੀਰਾਂ ਲਈ ਵੱਡਾ ਖ਼ਤਰਾ ਬਣੀਆਂ**

**ਆਜ਼ਾਦ ਸੋਚ**
**ਜਗਵਿੰਦਰ ਸਿੰਘ**
**ਖਰੜ , 17 ਮਾਰਚ**

========================

ਚੰਡੀਗੜ੍ਹ-ਮਨਾਲੀ ਨੈਸ਼ਨਲ ਹਾਈਵੇਅ 'ਤੇ ਖਰੜ ਬੱਸ ਸਟੈਂਡ ( ਪੁਲਿਸ ਸਟੇਸ਼ਨ ) ਦੇ ਨੇੜੇ ਪ੍ਰਾਈਵੇਟ ਸਕੂਲ ਬੱਸਾਂ ਦੀ ਨਾਜਾਇਜ਼ ਪਾਰਕਿੰਗ ਨੇ ਆਮ ਜਨਤਾ ਅਤੇ ਰਾਹਗੀਰਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ। ਹਾਈਵੇਅ ਦੇ ਦੋਨੋ ਕਿਨਾਰੇ ਲਾਈਨਾਂ ਵਿੱਚ ਖੜੀਆਂ ਦਰਜਨਾਂ ਬੱਸਾਂ ਜਿੱਥੇ ਆਵਾਜਾਈ ਵਿੱਚ ਵੱਡੀ ਰੁਕਾਵਟ ਬਣ ਰਹੀਆਂ ਹਨ, ਉੱਥੇ ਹੀ ਪੈਦਲ ਚੱਲਣ ਵਾਲਿਆਂ ਲਈ ਸੜਕ 'ਤੇ ਕੋਈ ਥਾਂ ਨਹੀਂ ਬਚਦੀ , ਜਿਸ ਕਾਰਨ ਲੋਕ ਆਪਣੀ ਜਾਨ ਹਥੇਲੀ 'ਤੇ ਰੱਖ ਕੇ ਸੜਕ ਤੇ ਸਫਰ ਕਰਨ ਲਈ ਮਜਬੂਰ ਹਨ। ਜਾਣਕਾਰੀ ਅਨੁਸਾਰ ਦੁਪਹਿਰ ਬਾਅਦ ਸਕੂਲਾਂ ਨੂੰ ਛੁੱਟੀ ਹੋਣ ਤੇ ਬੱਚਿਆਂ ਨੂੰ ਉਤਾਰਨ ਤੋਂ ਬਾਅਦ ਜਦੋਂ ਇਹ ਬੱਸਾਂ ਖਾਲੀ ਹੋ ਜਾਂਦੀਆਂ ਹਨ ਤਾਂ ਇਹਨਾਂ ਨੂੰ ਡਰਾਈਵਰ ਸੜਕਾਂ ਕਿਨਾਰੇ ਹੀ ਲਵਾਰਸ ਹਾਲਤ ਵਿੱਚ ਲਾਈਨਾਂ ਵਿੱਚ ਖੜੀਆਂ ਕਰਕੇ ਆਪਣੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ । ਸੁਣਨ ਵਿੱਚ ਆਇਆ ਹੈ ਕਿ ਸਕੂਲਾਂ ਵਾਲਿਆਂ ਵੱਲੋਂ ਅਜਿਹਾ ਪਾਰਕਿੰਗ ਖਰਚ , ਤੇਲ ਅਤੇ ਪੈਸਾ ਬਚਾਉਣ ਲਈ ਕੀਤਾ ਜਾ ਰਿਹਾ ਹੈ । ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਭਾਰੀ ਟ ?ੈਫਿਕ ਦੀ ਮਾਰ ਝੱਲ ਰਹੇ ਇਸ ਹਾਈਵੇਅ 'ਤੇ ਬੱਸਾਂ ਖੜ੍ਹੀਆਂ ਹੋਣ ਕਾਰਨ ਸੜਕ ਸੁੰਗੜ ਜਾਂਦੀ ਹੈ। ਸੱਭ ਤੋਂ ਵੱਧ ਖ਼ਤਰਾ ਰਾਤ ਦੇ ਸਮੇਂ ਹੁੰਦਾ ਹੈ, ਜਦੋਂ ਘੱਟ ਰੋਸ਼ਨੀ ਕਾਰਨ ਇਹ ਬੱਸਾਂ ਕਿਸੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੀਆਂ ਹਨ।

ਟਰੈਫਿਕ ਪੁਲਿਸ ਦੀ ਚੁੱਪ 'ਤੇ ਵੀ ਸਵਾਲ ਉੱਠ ਰਹੇ ਹਨ ਜਦਕਿ ਟਰੈਫਿਕ ਪੁਲਿਸ ਦੀ ਚੌਕੀ ਮਹਿਜ



ਚੰਦ ਕਦਮਾਂ ਦੀ ਦੂਰੀ ਤੇ ਹੈ । ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਨਜ਼ਰ ਆਉਂਦੇ ਜਾਂਦੇ ਇਹਨਾਂ ਬੱਸਾਂ ਤੇ ਪੈਂਦੀ ਹੈ । ਕਈ ਵਾਰ ਦੋ ਤਿੰਨ ਛੁੱਟੀਆਂ ਆਉਣ ਤੇ ਤਾਂ ਇਹ ਇੱਥੇ ਹੀ ਖੜੀਆਂ ਰਹਿੰਦੀਆਂ । ਟ ?ੈਫਿਕ ਪੁਲਿਸ ਇਸ ਸਾਰੇ ਮਾਮਲੇ ਵਿੱਚ ਮੂਕ ਦਰਸ਼ਕ ਬਣੀ ਹੋਈ ਹੈ। ਪ੍ਰਸ਼ਾਸਨ ਦੇ ਸਾਹਮਣੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ। ਪੈਦਲ ਚੱਲਣ ਵਾਲੇ ਰਾਹਗੀਰਾਂ ਕੋਲ ਫੁੱਟਪਾਥ ਦੀ ਜਗ ?ਹਾ ਨਾ ਹੋਣ ਕਾਰਨ ਉਹ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਤੋਂ ਇਲਾਵਾ ਜਿਸ ਤਰ੍ਹਾਂ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਇੱਥੇ ਲਵਾਰਸ ਖੜੀਆਂ ਬੱਸਾਂ ਨਾਲ ਰਾਤ ਨੂੰ ਇੱਥੇ ਕੋਈ ਵੀ ਗਲਤ ਅਨਸਰ ਸ਼ਰਾਰਤ ਕਰ ਸਕਦਾ ਹੈ ਜਿਸ ਕਾਰਨ ਬੱਚਿਆਂ ਦੀ ਜਾਨ ਮੁਸੀਬਤ ਵਿੱਚ ਆ ਸਕਦੀ ਹੈ । ਭਾਜਪਾ ਆਗੂ ਪਵਨ ਮਨੋਚਾ, ਸਮਾਜ ਸੇਵੀ ਜਗਮੋਹਣ ਸਿੰਘ ਗਰੇਵਾਲ, ਸਮਾਜ ਸੇਵੀ ਅਮਰੀਕ ਹੈਪੀ ਸਮੇਤ ਹੋਰਨਾ ਨਿਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਾਈਵੇਅ ਕਿਨਾਰੇ ਕੀਤੀ ਜਾਂਦੀ ਇਸ ਨਾਜਾਇਜ਼ ਪਾਰਕਿੰਗ ਨੂੰ ਤੁਰੰਤ ਹਟਾਇਆ ਜਾਵੇ, ਬੱਸਾਂ ਦੀ ਚਲਾਨ ਕੀਤੇ ਜਾਣ ਅਤੇ ਸਕੂਲ ਪ੍ਰਬੰਧਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਸਕੂਲ ਪ੍ਰਬੰਧਕਾਂ ਨੂੰ ਆਪਣੀਆਂ ਬੱਸਾਂ ਸੜਕਾਂ ਤੇ ਲਾਵਾਰਸ ਖੜਾਉਣ ਦੀ ਬਜਾਏ ਕਿਧਰੇ ਪਾਰਕਿੰਗ ਲੈ ਕੇ ਸੁਰੱਖਿਤ ਪਾਰਕ ਕਰਨੀ ਚਾਹੀਦੀਆਂ ਹਨ । ਲੋਕਾਂ ਦਾ ਕਹਿਣਾ ਹੈ ਕਿ ਜੇਕਰ ਜਲਦੀ ਇਸ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਕਿਸੇ ਵੀ ਸਮੇਂ ਕੋਈ ਭਿਆਨਕ ਸੜਕ ਹਾਦਸਾ ਵਾਪਰ ਸਕਦਾ ਹੈ । ਜਿਸ ਦੀ ਪੂਰੀ ਜਿੰਮੇਵਾਰੀ ਟਰੈਫਿਕ ਪੁਲਿਸ, ਸਕੂਲ ਪ੍ਰਬੰਧਕ ਅਤੇ ਪ੍ਰਸ਼ਾਸਨ ਦੀ ਹੋਵੇਗੀ ।

# ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਜੰਡਿਆਲਾ ਗੁਰੂ ਹਲਕੇ ਨੂੰ ਦਿੱਤੀ ਵੱਡੀ ਸੌਗਾਤ

## ਪਿੰਡ ਗੱਦਲੀ ਵਿੱਚ 66 ਕੇ.ਵੀ. ਸਬ-ਸਟੇਸ਼ਨ ਦਾ ਨੀਂਹ ਪੱਥਰ ਰੱਖਿਆ

**ਆਜ਼ਾਦ ਸੋਚ**
**ਤਰੁਣ ਮਹਿਰਾ/ਰੋਹਿਤ ਠਾਕੁਰ**
**ਜੰਡਿਆਲਾ/ਅੰਮ੍ਰਿਤਸਰ, 17 ਮਾਰਚ**

========================

ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈਟੀਓ ਵੱਲੋਂ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਨੂੰ ਇੱਕ ਵੱਡਾ ਤੋਹਫ਼ਾ ਦਿੰਦਿਆਂ ਅੱਜ ਪਿੰਡ ਗੱਦਲੀ (ਬਲਾਕ ਜੰਡਿਆਲਾ ਗੁਰੂ) ਵਿਖੇ ਨਵੇਂ 66 ਕੇ.ਵੀ. ਸਬਸਟੇਸ਼ਨ ਦਾ ਨੀਂਹ ਪੱਥਰ ਰੱਖਿਆ।

ਨਵੇਂ ਸਬ-ਸਟੇਸ਼ਨ ਦਾ ਨੀਂਹ ਪੱਥਰ ਰੱਖਣ ਮੌਕੇ ਲੋਕ ਨਿਰਮਾਣ ਮੰਤਰੀ ਸ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਇਸ ਸਬ-ਸਟੇਸ਼ਨ ਦੀ ਉਸਾਰੀ 'ਤੇ ਲਗਭਗ 6 ਕਰੋੜ ਰੁਪਏ ਦੀ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਇਲਾਕੇ ਦੇ ਲੋਕਾਂ ਵੱਲੋਂ ਨੇੜਲੇ ਸਬਸਟੇਸ਼ਨ ਦੀ ਮੰਗ ਕੀਤੀ ਜਾ ਰਹੀ ਸੀ ਕਿਉਂਕਿ ਮੌਜੂਦਾ ਸਬਸਟੇਸ਼ਨ ਦੂਰ ਹੋਣ ਕਾਰਨ ਬਿਜਲੀ ਸਪਲਾਈ ਵਿੱਚ ਕਾਫੀ ਮੁਸ਼ਕਲਾਂ ਆ ਰਹੀਆਂ ਸਨ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਪੂਰੀ ਹੋਵੇਗੀ ਅਤੇ ਬਿਜਲੀ ਸਪਲਾਈ ਵਿੱਚ ਵੱਡਾ ਸੁਧਾਰ ਆਵੇਗਾ।

ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਇਸ ਨਵੇਂ ਸਬਸਟੇਸ਼ਨ ਵਿੱਚ 66/11 ਕੇ.ਵੀ. ਦਾ 20 ਐਮ.ਵੀ.ਏ. ਪਾਵਰ ਟਰਾਂਸਫਾਰਮਰ ਲਗਾਇਆ ਜਾਵੇਗਾ। ਇਸ ਨਾਲ ਪਿੰਡ ਗੱਦਲੀ ਸਮੇਤ ਭੰਗਵਾਂ, ਮਾਲੋਵਾਲ, ਰਾਣਾਕਾਲਾ, ਬਾਲੀਆ, ਬੰਮਾ ਅਤੇ ਖਲੇਹਿਰਾ ਪਿੰਡਾਂ ਦੇ ਖਪਤਕਾਰਾਂ ਨੂੰ ਨਿਰਵਿਘਨ ਅਤੇ ਬਿਹਤਰ ਬਿਜਲੀ ਸਪਲਾਈ ਮਿਲੇਗੀ। ਇਸ ਪ੍ਰੋਜੈਕਟ ਨਾਲ ਲਗਭਗ 20,000 ਖਪਤਕਾਰਾਂ ਨੂੰ ਸਿੱਧਾ ਲਾਭ ਮਿਲੇਗਾ, ਜਦਕਿ ਮੌਜੂਦਾ ਸਬਸਟੇਸ਼ਨਾਂ 'ਤੇ ਲੋਡ ਘੱਟਣ ਨਾਲ ਕਰੀਬ 50,000 ਹੋਰ ਖਪਤਕਾਰਾਂ ਨੂੰ ਅਸਿੱਧਾ ਫਾਇਦਾ ਹੋਵੇਗਾ।

ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਪਿੰਡ ਗੱਦਲੀ ਵਿੱਚ 27.10 ਲੱਖ ਰੁਪਏ ਦੀ ਲਾਗਤ ਨਾਲ ਖੇਡ ਮੈਦਾਨ ਦੀ ਉਸਾਰੀ ਕੀਤੀ ਜਾਵੇਗੀ। ਖੇਡ ਮੈਦਾਨ ਵਿੱਚ ਚੇਨ ਲਿੰਕ ਫੈਨਸਿੰਗ, ਲੇਡੀਜ਼/ਜੈਂਟਸ ਬਾਥਰੂਮ, ਹਾਈ ਮਾਸਟ ਲਾਈਟਾਂ ਤੇ ਫੁੱਟ ਲਾਈਟਾਂ, ਸਪਰਿੰਕਲਰ ਸਿਸਟਮ ਅਤੇ ਵਾਲੀਬਾਲ ਕੋਰਟ ਵਰਗੀਆਂ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ, ਜਿਸ ਨਾਲ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹ ਮਿਲੇਗਾ।

ਉਨ੍ਹਾਂ ਕਿਹਾ ਕਿ ਹੋਰ ਵਿਕਾਸ ਉਪਰਾਲਿਆਂ ਤਹਿਤ, ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਖੁਜਾਲਾ-ਗਹਿਰੀ ਤੋਂ ਗੱਦਲੀ ਰੋਡ 'ਤੇ ਦੇਵੀਦਾਸਪੁਰਾ ਡਰੇਨ 'ਤੇ 2 ਸਪੈਨ (ਹਰ ਇੱਕ 20 ਮੀਟਰ) ਵਾਲੇ ਨਵੇਂ ਪੁਲ ਦੀ ਉਸਾਰੀ 231.54 ਲੱਖ ਰੁਪਏ ਦੀ ਲਾਗਤ ਨਾਲ ਕੀਤੀ ਜਾਵੇਗੀ।



ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਇਹ ਕੰਮ ਮੰਦ 5054 ਆਰ.ਬੀ.-10 (ਬ੍ਰਿਜਸ) ਅਧੀਨ ਕੀਤਾ ਜਾਵੇਗਾ ਅਤੇ ਟੈਂਡਰ ਪ੍ਰਕਿਰਿਆ ਪ੍ਰਗਤੀ ਅਧੀਨ ਹੈ ਅਤੇ ਅਲਾਟਮੈਂਟ ਤੋਂ ਬਾਅਦ ਤੁਰੰਤ ਸ਼ੁਰੂ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਪੁਲ ਦੀ ਉਸਾਰੀ ਨਾਲ ਆਵਾਜਾਈ ਸੁਵਿਧਾਵਾਂ ਵਿੱਚ ਸੁਧਾਰ ਆਵੇਗਾ ਅਤੇ ਲੋਕਾਂ ਨੂੰ ਕਾਫੀ ਰਾਹਤ ਮਿਲੇਗੀ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਸਾਰੇ ਕੰਮ ਸਮੇਂ-ਸਿਰ ਅਤੇ ਮਿਆਰੀ ਢੰਗ ਨਾਲ ਪੂਰੇ ਕਰਨ ਲਈ ਹੁਕਮ ਜਾਰੀ ਕੀਤੇ ਹਨ।

ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਅੱਗੇ ਜਾਣਕਾਰੀ ਦਿੱਤੀ ਕਿ ਜੰਡਿਆਲਾ ਗੁਰੂ ਹਲਕੇ ਵਿੱਚ ਬਿਜਲੀ ਸਪਲਾਈ ਨੂੰ ਮਜ਼ਬੂਤ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਕੀਤੇ ਗਏ ਹਨ। ਇਨ੍ਹਾਂ ਤਹਿਤ 820 ਨਵੇਂ ਟਰਾਂਸਫਾਰਮਰ ਲਗਾਏ ਗਏ ਅਤੇ ਡੀਲੋਡ/ਐਗਮਨਟੇਸ਼ਨ ਕੀਤੇ ਗਏ ਹਨ, ਜਿਨ੍ਹਾਂ 'ਤੇ ਲਗਭਗ 24.60 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਤੋਂ ਇਲਾਵਾ 5591 ਸੜੇ ਜਾਂ ਖਰਾਬ ਟਰਾਂਸਫਾਰਮਰ ਬਦਲੇ ਗਏ ਹਨ, ਜਿਸ 'ਤੇ ਕਰੀਬ 28.99 ਕਰੋੜ ਰੁਪਏ ਖਰਚ ਆਇਆ ਹੈ। ਵਧੀਆ ਬਿਜਲੀ ਸਪਲਾਈ ਲਈ 14 ਫੀਡਰਾਂ ਨੂੰ ਡੀਲੋਡ ਜਾਂ ਬਾਈਫਰਕੇਟ ਕਰਕੇ ਨਵੇਂ ਬਰੇਕਰ ਲਗਾਏ ਗਏ ਹਨ, ਜਿਸ 'ਤੇ 1.42 ਕਰੋੜ ਰੁਪਏ ਦੀ ਲਾਗਤ ਆਈ ਹੈ। ਇਸ ਤੋਂ ਇਲਾਵਾ 81 ਨਵੀਆਂ 11 ਕੇ.ਵੀ. ਲਾਈਨਾਂ ਦੀ ਉਸਾਰੀ ਦਾ ਕੰਮ ਕੀਤਾ ਗਿਆ ਹੈ ਜਿਸ 'ਤੇ 4.49 ਕਰੋੜ ਰੁਪਏ ਖਰਚ ਹੋਏ ਹਨ। ਬਿਜਲੀ ਸਿਸਟਮ ਅਤੇ ਕੇਬਲਾਂ ਵਿੱਚ ਸੁਧਾਰ ਲਈ 86 ਵੱਖ-ਵੱਖ ਕੰਮਾਂ 'ਤੇ 2.64 ਕਰੋੜ ਰੁਪਏ ਖਰਚ ਕੀਤੇ ਗਏ ਹਨ। ਜੰਡਿਆਲਾ ਗੁਰੂ ਸ਼ਹਿਰ ਦੇ ਵਸਨੀਕਾਂ ਨੂੰ ਬਿਹਤਰ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ 2 ਮੋਬਾਈਲ ਟਰਾਂਸਫਾਰਮਰ ਟਰਾਲੀਆਂ ਵੀ ਉਪਲਬਧ ਕਰਵਾਈਆਂ ਗਈਆਂ ਹਨ। ਨਾਲ ਹੀ 66 ਕੇ.ਵੀ. ਸਬਸਟੇਸ਼ਨ ਮਾਨਾਵਾਲਾ ਵਿਖੇ ਪੈਰਲਲ ਸਰਕਟ ਸ਼ੁਰੂ ਕੀਤਾ ਗਿਆ ਹੈ, ਜਦਕਿ 66 ਕੇ.ਵੀ. ਸਬਸਟੇਸ਼ਨ ਫੋਕਲ ਪੁਆਇੰਟ ਵਿਖੇ ਟਰਾਂਸਫਾਰਮਰ ਦੀ ਸਮਰੱਥਾ 12.5 ਐਮ.ਵੀ.ਏ. ਤੋਂ ਵਧਾ ਕੇ 20 ਐਮ.ਵੀ.ਏ. ਕੀਤੀ ਗਈ ਹੈ। 132 ਕੇ.ਵੀ. ਸਬਸਟੇਸ਼ਨ ਟਾਂਗਰਾ ਵਿਖੇ 12.5 ਐਮ.ਵੀ.ਏ. ਦਾ ਨਵਾਂ ਪਾਵਰ ਟਰਾਂਸਫਾਰਮਰ ਵੀ ਲਗਾਇਆ ਗਿਆ ਹੈ ਅਤੇ 132 ਕੇ.ਵੀ. ਸਬਸਟੇਸ਼ਨ ਏਕਲਗੱਡਾ ਨੂੰ ਕੀਤਾ ਗਿਆ ਹੈ। ਜੰਡਿਆਲਾ ਗੁਰੂ ਵਿਖੇ ਨਵਾਂ ਕੰਜ਼ੂਮਰ ਕੇਅਰ ਸੈਂਟਰ ਵੀ ਬਣਾਇਆ ਗਿਆ ਹੈ ਅਤੇ ਬਾਲਮੀਕ ਚੌਕ ਵਿਖੇ ਕੰਪਲੇਂਟ ਸੈਂਟਰ ਦੀ ਰੀਨੋਵੇਸ਼ਨ ਦੀ ਤਜਵੀਜ਼ ਵੀ ਤਿਆਰ ਕੀਤੀ ਗਈ ਹੈ। ਇਸ ਤੋਂ ਇਲਾਵਾ 66 ਕੇ.ਵੀ. ਸਬਸਟੇਸ਼ਨ ਨਵਾਪਿੰਡ ਨੂੰ 220 ਕੇ.ਵੀ. ਸਬਸਟੇਸ਼ਨ ਨਾਲ ਅਪਗ੍ਰੇਡ ਕਰਨ ਦਾ ਕੰਮ ਜਾਰੀ ਹੈ। ਪਿੰਡ ਦਸਮੇਸ ਨਗਰ ਅਤੇ ਗੱਦਲੀ ਵਿਖੇ ਨਵੇਂ ਬਿਜਲੀ ਘਰ ਬਣਾਏ ਜਾ ਰਹੇ ਹਨ, ਜਦਕਿ ਜੰਡਿਆਲਾ ਗੁਰੂ ਵਿੱਚ 220 ਕੇ.ਵੀ. ਸਬਸਟੇਸ਼ਨ ਦੀ ਪ੍ਰੋਪੋਜ਼ਲ ਵੀ ਤਿਆਰ ਕੀਤੀ ਗਈ ਹੈ। ਇਨ੍ਹਾਂ ਸਾਰੇ ਬਿਜਲੀ ਸੰਬੰਧੀ ਵਿਕਾਸੀ ਕੰਮਾਂ 'ਤੇ ਕੁੱਲ ਮਿਲਾ ਕੇ ਲਗਭਗ 154.82 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।÷

ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਹਲਕਾ ਜੰਡਿਆਲਾ ਗੁਰੂ ਦੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਮੁਫ਼ਤ ਬਿਜਲੀ ਯੋਜਨਾ ਤਹਿਤ ਵੀ ਵੱਡਾ ਲਾਭ ਮਿਲ ਰਿਹਾ ਹੈ। ਹਲਕੇ ਵਿੱਚ ਕੁੱਲ 62,972 ਬਿਜਲੀ ਕੁਨੈਕਸ਼ਨ ਹਨ, ਜਿਨ੍ਹਾਂ ਵਿੱਚੋਂ 60,302 ਕੁਨੈਕਸ਼ਨਾਂ ਨੂੰ ਜੀਰੋ ਬਿੱਲ ਆ ਰਿਹਾ ਹੈ, ਜੋ ਲਗਭਗ 95 ਫੀਸਦੀ ਬਣਦਾ ਹੈ। ਇਸ ਯੋਜਨਾ ਤਹਿਤ ਹਰ ਮਹੀਨੇ ਕਰੀਬ 14.47 ਕਰੋੜ ਰੁਪਏ ਦੇ ਬਿਜਲੀ ਬਿੱਲ ਮੁਆਫ਼ ਹੋ ਰਹੇ ਹਨ, ਜਦਕਿ ਸਾਲਾਨਾ ਤੌਰ 'ਤੇ ਇਹ ਮੁਆਫ਼ੀ ਲਗਭਗ 173.64 ਕਰੋੜ ਰੁਪਏ ਬਣਦੀ ਹੈ। ਮਿਤੀ 01 ਅਪ੍ਰੈਲ 2022 ਤੋਂ 28 ਫਰਵਰੀ 2026 ਤੱਕ ਹਲਕਾ ਜੰਡਿਆਲਾ ਗੁਰੂ ਦੇ ਲੋਕਾਂ ਲਈ ਕੁੱਲ ਮਿਲਾ ਕੇ ਕਰੀਬ 681.33 ਕਰੋੜ ਰੁਪਏ ਦੇ ਬਿਜਲੀ ਬਿੱਲ ਮੁਆਫ਼ ਕੀਤੇ ਜਾ ਚੁੱਕੇ ਹਨ, ਜਿਸ ਨਾਲ ਆਮ ਘਰਾਂ ਨੂੰ ਵੱਡੀ ਆਰਥਿਕ ਰਾਹਤ ਮਿਲੀ ਹੈ।

# ਗੁਰਦੁਆਰਾ ਸਿੰਘ ਸਭਾ ਰਾਜ਼ੌਰੀ ਗਾਰਡਨ ਵਿੱਖੇ ਧੰਨਵਾਦੀ ਸਮਾਗਮ ਕਰਵਾਇਆ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 17 ਮਾਰਚ**

========================

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜ਼ੌਰੀ ਗਾਰਡਨ ਦੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਦੇ ਸਹਿਯੋਗ ਨਾਲ ਬੀਤੇ ਦਿਨੀਂ ਧੰਨਵਾਦੀ ਸਮਾਗਮ ਕਰਵਾਇਆ। ਸੰਗਤਾਂ ਦੀ ਅਗਵਾਈ ਪੰਥ ਦੇ ਪ੍ਰਸਿੱਧ ਕੀਰਤਨੀ ਜੱਥੇ ਦੇ ਮੈਂਬਰ ਭਾਈ ਗਗਨਦੀਪ ਸਿੰਘ ਗੰਗਾਨਗਰ ਅਤੇ ਭਾਈ ਚਰਨਜੀਤ ਸਿੰਘ ਹੀਰਾ ਨੇ ਕੀਤੀ।ਇਸ ਮੌਕੇ ਡਾ. ਮਨਪ੍ਰੀਤ ਸਿੰਘ ਨੇ ਗੁਰਬਾਣੀ ਦੀ ਕਥਾ ਨਾਲ ਸੰਗਤਾਂ ਨੂੰ ਗੁਰ-ਇਤਿਹਾਸ ਨਾਲ ਜੋੜਿਆ। ਇਸ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਮਨਜੀਤ ਸਿੰਘ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਗੁਰਦੁਆਰਾ ਕਮੇਟੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿੱਖੇ ਸੰਗਤਾਂ ਦੀ ਸਹੂਲਤ ਲਈ ਇੱਕ ਸਰਾਂ ਬਣਾ ਰਹੀ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਖਜ਼ਾਨਚੀ ਪ੍ਰੀਤ ਪ੍ਰਤਾਪ ਸਿੰਘ, ਹਰਜੀਤ ਸਿੰਘ ਰਾਜਾ ਬਖ਼ਸ਼ੀ, ਸੁੰਦਰ ਸਿੰਘ ਨਾਰੰਗ, ਪੁਨੀਤ ਸਿੰਘ, ਮਨਜੀਤ ਸਿੰਘ ਕੋਛਰ, ਜਸਵੰਤ ਸਿੰਘ ਉੱਪਲ, ਹਰਨੀਕ ਸਿੰਘ, ਹਰਨਾਮ ਸਿੰਘ ਅਤੇ ਹੋਰ ਬਹੁਤ ਸਾਰੇ ਪਤਵੰਤੇ ਮੌਜੂਦ ਸਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਮਨਜੀਤ ਸਿੰਘ ਅਤੇ ਜਨਰਲ ਸਕੱਤਰ ਮਨਜੀਤ ਸਿੰਘ ਖੰਨਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਗੁਰਦੁਆਰਾ ਕਮੇਟੀ ਸ੍ਰੀ ਦਰਬਾਰ ਸਾਹਿਬ ਦੇ ਨੇੜੇ 3 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਜ਼ਮੀਨ ਖਰੀਦ ਕੇ ਇੱਕ ਸਰਾਂ ਬਣਾਉਣ ਜਾ ਰਹੀ ਹੈ, ਜਿਸ ਦੀ ਉਸਾਰੀ ਦਾ ਕੰਮ ਬਹੁਤ ਜਲਦੀ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਚਾਰ ਸਾਹਿਬਜ਼ਾਦੇ ਯਾਤਰੀ ਨਿਵਾਸ ਵਿੱਚ ਲਗਭਗ 40 ਕਮਰੇ ਬਣਾਏ ਜਾਣਗੇ, ਜੋ ਕਿ ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੇ, ਜਿਸ ਵਿੱਚ ਸੰਗਤ ਰਹਿ ਸਕੇਗੀ। ਉਨ੍ਹਾਂ ਦੱਸਿਆ ਕਿ ਜਸਵੰਤ ਸਿੰਘ ਉੱਪਲ ਸਮੇਤ ਕਈ ਪਰਿਵਾਰ ਸਰਾਂ ਦੇ ਨਿਰਮਾਣ ਵਿੱਚ ਆਪਣਾ ਪੂਰਾ ਸਹਿਯੋਗ ਦੇ ਰਹੇ ਹਨ, ਜਿਸ ਕਾਰਨ ਉਮੀਦ ਹੈ ਕਿ ਸਰਾਂ ਇੱਕ ਤੋਂ ਡੇਢ ਸਾਲ ਵਿੱਚ ਤਿਆਰ ਹੋ ਜਾਵੇਗੀ।



# ਡੀਬੀਯੂ ਡੈਂਟਲ ਕਾਲਜ ਨੇ ਐਮਡੀਐਸ ਸੀਟਾਂ ਦੇ ਨਵੀਨੀਕਰਨ ਨਾਲ ਪੋਸਟਗ੍ਰੈਜੂਏਟ ਪ੍ਰੋਗਰਾਮ ਮਜ਼ਬੂਤ ਕੀਤੇ

**ਆਜ਼ਾਦ ਸੋਚ**
**ਸੁਨੀਲ ਵਰਮਾ**
**ਫ਼ਤਹਿਗੜ੍ਹ ਸਾਹਿਬ,17 ਮਾਰਚ**

========================

ਦੇਸ਼ ਭਗਤ ਡੈਂਟਲ ਕਾਲਜ ਐਂਡ ਹਸਪਤਾਲ, ਜੋ ਕਿ ਦੇਸ਼ ਭਗਤ ਯੂਨੀਵਰਸਿਟੀ ਨਾਲ ਸੰਬੰਧਤ ਕਾਲਜ ਹੈ, ਇਹ ਐਲਾਨ ਕਰਦਿਆਂ ਖੁਸ਼ੀ ਮਹਿਸੂਸ ਕਰਦਾ ਹੈ ਕਿ ਇਸਨੂੰ ਮਾਸਟਰ ਆਫ ਡੈਂਟਲ ਸਰਜਰੀ (MDS) ਪ੍ਰੋਗਰਾਮਾਂ ਵਿੱਚ ਵਧਾਈਆਂ ਗਈਆਂ ਸੀਟਾਂ ਦੇ ਨਵੀਨੀਕਰਨ ਲਈ ਕੇਂਦਰ ਸਰਕਾਰ ਤੋਂ ਮਨਜ਼ੂਰੀ ਮਿਲੀ ਹੈ।

ਕਾਲਜ ਨੂੰ ਪ੍ਰੋਸਥੋਡੋਂਟਿਕਸ ਅਤੇ ਕ੍ਰਾਊਨ ਐਂਡ ਬ੍ਰਿਜ ਵਿਭਾਗ ਵਿੱਚ ਤੀਜੇ ਸਾਲ ਦੇ ਐਮਡੀਐਸ ਕੋਰਸ ਵਿੱਚ ਸੀਟਾਂ ਦੀ ਗਿਣਤੀ 2 ਤੋਂ ਵਧਾ ਕੇ 5 ਤੱਕ ਜਾਰੀ ਰੱਖਣ ਦੀ ਇਜਾਜ਼ਤ ਮਿਲੀ ਹੈ। ਇਸ ਤੋਂ ਇਲਾਵਾ, ਅਕਾਦਮਿਕ ਸੈਸ਼ਨ 2026-27 ਲਈ ਪੀਡਿਆਟ੍ਰਿਕ ਅਤੇ ਪ੍ਰੀਵੇਂਟਿਵ ਡੈਂਟਿਸਟਰੀ ਵਿਭਾਗ ਵਿੱਚ ਦੂਜੇ ਸਾਲ ਦੇ ਐਮਡੀਐਸ ਕੋਰਸ ਦੀਆਂ 3 ਸੀਟਾਂ ਦੇ ਨਵੀਨੀਕਰਨ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

ਡੈਂਟਲ ਕੌਂਸਲ ਆਫ ਇੰਡੀਆ ਵੱਲੋਂ ਸਮੇਂ-ਸਮੇਂ 'ਤੇ ਕੀਤੀਆਂ ਜਾਂਚਾਂ ਅਤੇ ਸਾਰੇ ਲੋੜੀਂਦੇ ਮਾਪਦੰਡ ਪੂਰੇ ਕਰਨ ਤੋਂ ਬਾਅਦ, ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਨੇ ਇਨ੍ਹਾਂ ਵਿਭਾਗਾਂ ਦੀ ਸੀਟ ਸਮਰੱਥਾ ਨੂੰ ਅਧਿਕਾਰਕ ਤੌਰ 'ਤੇ ਮਨਜ਼ੂਰੀ ਦਿੱਤੀ ਹੈ। ਦੇਸ਼ ਭਗਤ ਡੈਂਟਲ ਕਾਲਜ ਐਂਡ ਹਸਪਤਾਲ ਹੁਣ ਪੰਜਾਬ ਦੀਆਂ ਮੋਹਰੀ ਸੰਸਥਾਵਾਂ ਵਿੱਚ ਸ਼ਾਮਲ ਹੋ ਗਿਆ ਹੈ, ਜਿੱਥੇ ਵੱਖ-ਵੱਖ ਵਿਭਾਗਾਂ ਵਿੱਚ ਐਮਡੀਐਸ ਦੀਆਂ ਵੱਧ ਤੋਂ ਵੱਧ 5 ਸੀਟਾਂ ਉਪਲਬਧ ਹਨ।

ਇਸ ਪ੍ਰਾਪਤੀ ਲਈ ਚਾਂਸਲਰ ਡਾ. ਜੋਰਾ ਸਿੰਘ ਨੇ ਸਭ ਦੇ ਸਾਂਝੇ ਯਤਨਾਂ ਦੀ ਸਰਾਹਨਾ ਕੀਤੀ। ਇਸੇ ਤਰ੍ਹਾਂ ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਨੇ ਵੀ ਆਪਣੀ ਖੁਸ਼ੀ ਜਤਾਈ ਅਤੇ ਸਮਾਜ ਵਿੱਚ ਗੁਣਵੱਤਾ ਵਾਲੀ ਸਿਹਤ ਸਿੱਖਿਆ ਨੂੰ ਪ੍ਰੋਤਸਾਹਿਤ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ। ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਡੈਂਟਲ ਟੀਮ ਨੂੰ ਵਧਾਈ ਦਿੱਤੀ ਅਤੇ ਹੋਰ ਉਪਲਬਧੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

ਪ੍ਰਿੰਸੀਪਲ ਡਾ. ਵਿਕਰਮ ਬਾਲੀ ਅਤੇ ਵਾਈਸ ਪ੍ਰਿੰਸੀਪਲ ਡਾ. ਤੇਜਵੀਰ ਸਿੰਘ ਨੇ ਯੂਨੀਵਰਸਿਟੀ ਪ੍ਰਬੰਧਨ ਦਾ ਲਗਾਤਾਰ ਸਹਿਯੋਗ ਲਈ ਧੰਨਵਾਦ ਕੀਤਾ। ਦੇਸ਼ ਭਗਤ ਡੈਂਟਲ ਕਾਲਜ ਐਂਡ ਹਸਪਤਾਲ ਖੋਜ ਅਤੇ ਨਵੀਨਤਾ ਵਿੱਚ ਆਪਣੇ ਮਿਆਰ ਹੋਰ ਉੱਚੇ ਕਰਨ ਲਈ ਵਚਨਬੱਧ ਹੈ। ਭਵਿੱਖ ਵਿੱਚ ਦੇਸ਼ ਭਗਤ ਯੂਨੀਵਰਸਿਟੀ ਮਰੀਜ਼ ਸੁਰੱਖਿਆ ਅਤੇ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਉਤਕ੍ਰਿਸ਼ਟਤਾ ਲਈ ਸਮਰਪਿਤ ਰਹੇਗੀ।




# ਪੰਜਾਬ ਵਿੱਚ ਐਲਪੀਜੀ ਸੰਕਟ ਦੇ ਆਸਾਰ, ਡਿਸਟਰੀਬਿਊਟਰਾਂ ਨੇ ਜਤਾਈ ਚਿੰਤਾ

## ਸੰਕਟ ਨਾਲ ਨਿਪਟਣ ਲਈ ਤੁਰੰਤ ਕਦਮ ਚੁੱਕਣ ਦੀ ਮੰਗ

**ਆਜ਼ਾਦ ਸੋਚ**
**ਮੇਜਰ ਸਿੰਘ ਪੰਜਾਬੀ**
**ਚੰਡੀਗੜ੍ਹ, 17 ਮਾਰਚ**

========================

ਪੰਜਾਬ ਵਿੱਚ ਐਲਪੀਜੀ ਸਪਲਾਈ ਨੂੰ ਲੈ ਕੇ ਵਧ ਰਹੀਆਂ ਚਿੰਤਾਵਾਂ ਦਰਮਿਆਨ, ਫੈਡਰੇਸ਼ਨ ਆਫ ਐਲਪੀਜੀ ਡਿਸਟ ?ੀਬਿਊਟਰਜ਼ ਆਫ ਪੰਜਾਬ (ਐਫਐਲਡੀਪੀ) ਨੇ ਮੰਗਲਵਾਰ ਨੂੰ ਚੰਡੀਗੜ੍ਹ ਪ੍ਰੈਸ ਕਲੱਬ ਵਿੱਚ ਪ੍ਰੈਸ ਕਾਨਫਰੰਸ ਕਰਕੇ ਜ਼ਮੀਨੀ ਹਕੀਕਤ ਸਾਹਮਣੇ ਰੱਖੀ। ਫੈਡਰੇਸ਼ਨ ਨੇ ਸਰਕਾਰ ਵੱਲੋਂ ਕੀਤੇ ਜਾ ਰਹੇ ਪ੍ਰਚੁਰ ਸਪਲਾਈ ਦੇ ਦਾਵਿਆਂ ਅਤੇ ਜ਼ਮੀਨ ਪੱਧਰ 'ਤੇ ਉਪਭੋਗਤਾਵਾਂ ਤੇ ਡਿਸਟਰੀਬਿਊਟਰਾਂ ਨੂੰ ਆ ਰਹੀਆਂ ਮੁਸ਼ਕਲਾਂ ਵਿੱਚ ਵਧਦੇ ਫਰਕ 'ਤੇ ਗੰਭੀਰ ਚਿੰਤਾ ਜਤਾਈ।

ਫੈਡਰੇਸ਼ਨ ਦੇ ਪ੍ਰਧਾਨ ਗੁਰਪਾਲ ਸਿੰਘ ਮਾਨ ਨੇ ਕਿਹਾ ਕਿ ਪੱਛਮੀ ਏਸ਼ੀਆ ਵਿੱਚ ਵਧ ਰਹੇ ਜਿਓ-ਪੋਲਿਟੀਕਲ ਤਣਾਅ ਅਤੇ ਸਟ ?ੇਟ ਆਫ ਹੋਰਮੁਜ਼ ਵਰਗੇ ਅਹਿਮ ਸਪਲਾਈ ਰਸਤੇ ਵਿੱਚ ਆ ਰਹੀਆਂ ਰੁਕਾਵਟਾਂ ਕਾਰਨ ਆਇਲ ਮਾਰਕੀਟਿੰਗ ਕੰਪਨੀਆਂ ਨੇ ਅਚਾਨਕ ਐਲਪੀਜੀ ਦੀਆਂ ਕੀਮਤਾਂ ਵਿੱਚ ਵੱਡਾ ਵਾਧਾ ਕਰ ਦਿੱਤਾ ਹੈ। ਘਰੇਲੂ ਸਿਲੰਡਰ ਦੀ ਕੀਮਤ ਵਿੱਚ 60 ਰੁਪਏ ਅਤੇ ਕਮਰਸ਼ੀਅਲ ਸਿਲੰਡਰ ਵਿੱਚ 115 ਰੁਪਏ ਤੱਕ ਵਾਧਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਿਨਾਂ ਪੂਰੀ ਤਿਆਰੀ ਅਤੇ ਸਪਸ਼ਟ ਜਾਣਕਾਰੀ ਦੇ ਲਏ ਗਏ ਇਸ ਫੈਸਲੇ ਨਾਲ ਉਪਭੋਗਤਾਵਾਂ ਵਿੱਚ ਘਬਰਾਹਟ ਵਧੀ ਹੈ ਅਤੇ ਕਮੀ ਦੀ ਸੰਭਾਵਨਾ ਬਣ ਗਈ ਹੈ।

ਫੈਡਰੇਸ਼ਨ ਨੇ ਦੱਸਿਆ ਕਿ ਹਾਲੀਆ ਨੀਤੀਆਂ ਨੇ ਹਾਲਾਤ ਸੁਧਾਰਨ ਦੀ ਬਜਾਏ ਹੋਰ ਗੁੰਝਲ ਪੈਦਾ ਕਰ ਦਿੱਤੀ ਹੈ। ਸ਼ਹਿਰੀ ਖਪਤਕਾਰਾਂ ਲਈ 25 ਦਿਨ ਅਤੇ ਪਿੰਡਾਂ ਵਿੱਚ 45 ਦਿਨ ਬਾਅਦ ਹੀ ਨਵੀਂ ਬੁਕਿੰਗ ਦੀ ਆਗਿਆ, ਅਤੇ 3-4 ਦਿਨ ਲਈ ਬੁਕਿੰਗ ਚੈਨਲਾਂ ਦੇ ਬੰਦ ਰਹਿਣ ਨਾਲ ਬਕਾਇਆ ਬੁਕਿੰਗਾਂ ਵਿੱਚ ਕਾਫੀ ਵਾਧਾ ਹੋਇਆ ਹੈ। ਇਸ ਦੌਰਾਨ ਡਿਸਟ ?ੀਬਿਊਟਰਾਂ 'ਤੇ ਖਪਤਕਾਰਾਂ ਦਾ ਦਬਾਅ ਲਗਾਤਾਰ ਵੱਧ ਰਿਹਾ ਹੈ, ਜਦਕਿ ਬੋਟਲਿੰਗ ਪਲਾਂਟਾਂ ਤੋਂ ਸਪਲਾਈ ਮੰਗ ਦੇ ਮੁਤਾਬਕ ਨਹੀਂ ਆ ਰਹੀ।




ਫੈਡਰੇਸ਼ਨ ਨੇ ਕਿਹਾ ਕਿ ਸਰਕਾਰੀ ਦਾਵਿਆਂ ਦੇ ਬਾਵਜੂਦ ਰਾਜ ਭਰ ਵਿੱਚ ਡਿਸਟਰੀਬਿਊਟਰ ਬੈਕਲੋਗ ਅਤੇ ਅਣਨਿਯਮਿਤ ਸਪਲਾਈ ਨਾਲ ਜੂਝ ਰਹੇ ਹਨ, ਜਿਸ ਨਾਲ ਖਪਤਕਾਰਾਂ ਦਾ ਭਰੋਸਾ ਵੀ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਖ਼ਤ ਨੀਤੀਆਂ, ਅਚਾਨਕ ਕੀਮਤ ਵਾਧਾ ਅਤੇ ਸਿਸਟਮ ਵਿੱਚ ਆਈ ਰੁਕਾਵਟਾਂ ਨੇ ਮਿਲ ਕੇ ਲੋਕਾਂ ਵਿੱਚ ਘਬਰਾਹਟ ਹੋਰ ਵਧਾ ਦਿੱਤੀ ਹੈ।

ਫੈਡਰੇਸ਼ਨ ਨੇ ਨੀਤੀ-ਨਿਰਮਾਤਾਵਾਂ ਅਤੇ ਜ਼ਮੀਨੀ ਪੱਧਰ ਦੇ ਹਿੱਸੇਦਾਰਾਂ ਵਿਚਕਾਰ ਸੰਚਾਰ ਦੀ ਘਾਟ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਡਿਸਟਰੀਬਿਊਟਰਾਂ ਨੂੰ ਨਾ ਤਾਂ ਫੈਸਲਾ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਅਤੇ ਨਾ ਹੀ ਖਪਤਕਾਰਾਂ ਦੀਆਂ ਅਸਲ ਸਮੱਸਿਆਵਾਂ ਨੂੰ ਸਮਝਣ ਲਈ ਕੋਈ ਪ੍ਰਭਾਵਸ਼ਾਲੀ ਪ੍ਰਣਾਲੀ ਮੌਜੂਦ ਹੈ।

ਉਨ੍ਹਾਂ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਵਧ ਰਹੀ ਜਨ ਨਾਰਾਜ਼ਗੀ ਕਾਰਨ ਡਿਸਟ ?ੀਬਿਊਟਰਾਂ ਅਤੇ ਉਨ੍ਹਾਂ ਦੇ ਕਰਮਚਾਰੀਆਂ 'ਤੇ ਦਬਾਅ ਅਤੇ ਖਤਰਾ ਵਧ ਰਿਹਾ ਹੈ, ਜਦਕਿ ਇਹ ਸਮੱਸਿਆਵਾਂ ਉਨ੍ਹਾਂ ਦੇ ਕਾਬੂ ਤੋਂ ਬਾਹਰ ਹਨ।ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ ਫੈਡਰੇਸ਼ਨ ਨੇ ਤੁਰੰਤ ਅਤੇ ਪ੍ਰਭਾਵਸ਼ਾਲੀ ਦਖ਼ਲ ਦੀ ਮੰਗ ਕੀਤੀ ਹੈ। ਸਰਕਾਰ ਅਤੇ ਸੰਬੰਧਿਤ ਏਜੰਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਡਿਸਟ ?ੀਬਿਊਟਰਾਂ ਅਤੇ ਆਮ ਜਨਤਾ ਨਾਲ ਪਾਰਦਰਸ਼ੀ ਅਤੇ ਨਿਯਮਿਤ ਸੰਚਾਰ ਯਕੀਨੀ ਬਣਾਇਆ ਜਾਵੇ। ਨਾਲ ਹੀ ਬੁਕਿੰਗ ਨਿਯਮਾਂ ਵਿੱਚ ਸੁਧਾਰ ਕਰਕੇ ਗੁੰਝਲ ਅਤੇ ਅਸਮਾਨਤਾ ਦੂਰ ਕੀਤੀ ਜਾਵੇ।

ਇਸ ਦੇ ਨਾਲ ਹੀ ਸਪਲਾਈ ਵਧਾਉਣ ਅਤੇ ਬੋਟਲਿੰਗ ਪਲਾਂਟਾਂ ਨੂੰ ਪੂਰੀ ਸਮਰੱਥਾ ਨਾਲ ਚਲਾਉਣ 'ਤੇ ਵੀ ਜ਼ੋਰ ਦਿੱਤਾ ਗਿਆ। ਫੈਡਰੇਸ਼ਨ ਨੇ 100 ਫੀਸਦੀ ਡਾਇਰੈਕਟ ਅਕਾਊਂਟ ਕਰੈਡਿਟ ਲਾਗੂ ਕਰਨ ਦੀ ਵੀ ਸਿਫਾਰਸ਼ ਕੀਤੀ ਹੈ, ਤਾਂ ਜੋ ਡਿਸਟ ?ੀਬਿਊਸ਼ਨ ਵਿੱਚ ਪਾਰਦਰਸ਼ਤਾ ਬਣੀ ਰਹੇ ਅਤੇ ਕਿਸੇ ਵੀ ਕਿਸਮ ਦੀ ਗੜਬੜ ਨੂੰ ਰੋਕਿਆ ਜਾ ਸਕੇ।

# ਸੀਨੀਅਰ ਸਿਟੀਜਨ ਭਲਾਈ ਸੰਸਥਾ ਨੇ ਸਰਵ ਸੁੱਖ ਸਾਂਤੀ ਲਈ ਸ੍ਰੀ ਸੁੰਦਰਕਾਂਡ ਦੇ ਪਾਠ ਕਰਵਾਏ

**ਆਜ਼ਾਦ ਸੋਚ**
**ਗੁਰਪ੍ਰੀਤ ਸਿੰਘ ਖਾਲਸਾ**
**ਸੰਗਰੂਰ, 17 ਮਾਰਚ**

========================

ਸਥਾਨਕ ਸੰਗਰੂਰ ਸੀਨੀਅਰ ਸਿਟੀਜਨ ਭਲਾਈ ਸੰਸਥਾ ਦੇ ਮੁੱਖ ਦਫ਼ਤਰ ਬਨਾਸਰ ਬਾਗ ਵਿਖੇ ਸਮਾਜ ਵਿੱਚ ਸੁੱਖ-ਸ਼ਾਂਤੀ, ਭਾਈਚਾਰਕ ਸਾਂਝ, ਸੀਨੀਅਰ ਸਿਟੀਜਨ ਦੀ ਨਿਰੋਈ ਸਿਹਤ ਅਤੇ ਖੁਸ਼ਨੁਮਾ ਜ਼ਿੰਦਗੀ ਲਈ ਹਰ ਸਾਲ ਦੀ ਤਰ੍ਹਾਂ ਧਾਰਮਿਕ ਸਮਾਗਮ ਦਾ ਆਯੋਜਨ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਨਰਵਿੰਦਰ ਸਿੰਘ ਕੌਸ਼ਲ, ਚੇਅਰਮੈਨ ਇੰਜਨੀਅਰ ਪ੍ਰਵੀਨ ਬਾਂਸਲ, ਜਨਰਲ ਸਕੱਤਰ ਜਗਜੀਤ ਸਿੰਘ, ਵਿੱਤ ਸਕੱਤਰ ਸ਼ਕਤੀ ਮਿੱਤਲ, ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਅਰੋੜਾ , ਦਲਜੀਤ ਸਿੰਘ ਜ਼ ?ਖਮੀ ਸਰਪ੍ਰਸਤ ਨੈਸ਼ਨਲ ਅਵਾਰਡੀ ਸਤਦੇਵ ਸ਼ਰਮਾ, ਅਵਿਨਾਸ਼ ਸ਼ਰਮਾ ਦੀ ਦੇਖ-ਰੇਖ ਵਿੱਚ ਬੜੀ ਸ਼ਰਧਾ ਅਤੇ ਉਤਸਾਹ ਨਾਲ ਕਰਵਾਇਆ ਗਿਆ। ਸੁਰਿੰਦਰ ਪਾਲ ਸਿੰਘ ਸਿਦਕੀ ਮੀਡੀਆ ਇੰਚਾਰਜ ਨੇ ਦੱਸਿਆ ਕਿ ਪਵਿੱਤਰ ਜੋਤੀ ਪੂਜਨ ਅਤੇ ਸ੍ਰੀ ਗਣੇਸ਼ ਪੂਜਨ ਲਈ ਮੁਖ ਜਜਮਾਨ ਵਜੋਂ ਸ਼ ?ੀ ਸ਼ਕਤੀ ਮਿੱਤਲ ਅਤੇ ਉਹਨਾਂ ਦੀ ਪਤਨੀ ਸ਼੍ਰੀਮਤੀ ਦਰਸ਼ਨਾ ਮਿੱਤਲ ਦੇ ਨਾਲ ਸੰਸਥਾ ਦੇ ਪ੍ਰਧਾਨ ਡਾ. ਨਰਵਿੰਦਰ ਕੌਸ਼ਲ ਅਤੇ ਉਨ੍ਹਾਂ ਦੀ ਪਤਨੀ ਪ੍ਰੋਫੈਸਰ ਸੁਨੀਤਾ ਕੌਸ਼ਲ, ਚੇਅਰਮੈਨ ਪ੍ਰਵੀਨ ਬਾਂਸਲ, , ਸਾਬਕਾ ਪ੍ਰਧਾਨ ਸੁਰੇਸ਼ ਗੁੱਪਤਾ , ਦਲਜੀਤ ਜ਼ਖ਼ਮੀ ਅਤੇ ਸੁਮਨ ਜ਼ਖ਼ਮੀ ਨੇ ਕੀਤੀ। ਸੀ ਸੁੰਦਰ ਕਾਂਡ ਸਮਿਤੀ ਪੁਰਸ਼ਾਰਥੀ ਸ੍ਰੀ ਰਾਮ ਲੀਲਾ ਕਮੇਟੀ ਪਟਿਆਲਾ ਗੇਟ ਸੰਗਰੂਰ ਦੀ ਭਜਨ ਮੰਡਲੀ ਦੇ ਮੈਂਬਰਾਂ ਚੰਦਰਭਾਨ ਨਾਗਪਾਲ, ਮੁਕੇਸ਼ ਨਾਗਪਾਲ, ਪਰਵੀਨ ਨਾਗਪਾਲ, ਮਾਸਟਰ ਦਿਨੇਸ਼ ਖੱਤਰੀ, ਅਸ਼ੋਕ ਚੌਹਾਨ, ਅਰੁਨਾ ਕਲਿਆਨ ਮਿਊਜ਼ਿਕ ਮਾਸਟਰ ਵੱਲੋਂ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਧੁਰ ਆਵਾਜ਼ ਤੇ ਸੰਗੀਤ ਨਾਲ ਧਾਰਮਿਕ ਗ੍ਰੰਥ ਸ੍ਰੀ ਸੁੰਦਰ ਕਾਂਡ ਦੇ ਪਾਠ ਦਾ ਗਾਇਨ ਕਰਦਿਆਂ ਅਧਿਆਤਮਿਕ ਮਾਹੌਲ ਸਿਰਜ ਦਿੱਤਾ। ਹਾਜ਼ਰ ਸੰਗਤਾਂ ਨੇ ਗਲਾਂ ਵਿੱਚ ਸਰੋਪੇ ਪਾ ਕੇ ਸੀ ? ਰਾਮ ਦੇ ਜੈਕਾਰਿਆਂ ਦੀ ਜੈਘੋਸ਼ ਕੀਤੀ। ਭਗਤਾਂ ਵੱਲੋਂ ਝੰਡੇ ਲਹਿਰਾਏ ਗਏ ਅਤੇ ਨੱਚ ਨੱਚ ਕੇ ਖੁਸ਼ੀ ਜ਼ਾਹਰ ਕੀਤੀ ਗਈ। ਆਰਤੀ ਦੌਰਾਨ ਪਵਿੱਤਰ ਗ੍ਰੰਥ ਤੇ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਪ੍ਰਬੰਧਕਾਂ ਨੇ ਰੁਮਾਲਾ ਭੇਂਟ ਕੀਤਾ। ਉਪਰੰਤ ਸ੍ਰੀ ਰਾਮ ਮੰਦਿਰ ਦੇ ਪੁਜਾਰੀ ਪੰਡਿਤ ਅਮਿਤ ਸ਼ਰਮਾ ਨੇ ਅਰਦਾਸ ਕੀਤੀ।ਭਜਨ ਮੰਡਲੀ ਨੂੰ ਸੰਸਥਾ ਪ੍ਰਧਾਨ ਨਰਵਿੰਦਰ ਸਿੰਘ ਕੌਸ਼ਲ, ਚੇਅਰਮੈਨ ਪ੍ਰਵੀਨ ਬਾਂਸਲ, ਦਲਜੀਤ ਸਿੰਘ ਜ਼ਖ਼ਮੀ, ਰਾਜ ਕੁਮਾਰ ਅਰੋੜਾ, ਸੁਰਿੰਦਰ ਪਾਲ ਸਿੰਘ ਸਿਦਕੀ ਅਤੇ ਹੋਰਾਂ ਨੇ ਸਨਮਾਨਿਤ ਕੀਤਾ। ਭਜਨ ਮੰਡਲੀ ਦੇ ਭੁਪਿੰਦਰ ਨਾਗਪਾਲ ਨੇ ਸੀਨੀਅਰ ਸਿਟੀਜਨ ਭਲਾਈ ਸੰਸਥਾ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਪ੍ਰਧਾਨ ਨਰਵਿੰਦਰ ਕੌਸ਼ਲ, ਪ੍ਰੋ. ਸੁਨੀਤਾ ਕੌਸ਼ਲ ਨੂੰ ਸ੍ਰੀ ਰਾਮ ਪੁਰਸ਼ਾਰਥੀ ਰਾਮ ਲੀਲਾ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਰਾਜ ਕੁਮਾਰ ਬਾਂਸਲ, ਬਲਦੇਵ ਕ੍ਰਿਸ਼ਨ ਗੁਪਤਾ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ, ਨਿਰਮਲ ਸਿੰਘ ਮਾਣਾ, ਕੁਲਵੰਤ ਸਿੰਘ ਅਕੋਈ, ਸੁਰਿੰਦਰ ਸ਼ੋਰੀ, ਬਾਲ ਕ੍ਰਿਸ਼ਨ, ਰਾਕੇਸ਼ ਕੁਮਾਰ ਅਕੋਈ , ਨਰਾਤਾ ਰਾਮ ਸਿੰਗਲਾ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ। ਜਨਰਲ ਸਕੱਤਰ ਸ੍ਰੀ ਜਗਜੀਤ ਸਿੰਘ ਨੇ ਮੰਚ ਸੰਚਾਲਨ ਦੌਰਾਨ ਕਿਹਾ ਕਿ ਇਹ ਸੰਸਥਾ ਸਮਾਜ, ਲੋਕਾਂ ਅਤੇ ਬਜੁਰਗਾਂ ਦੀ ਭਲਾਈ ਦੇ ਕੰਮ ਕਰ ਰਹੀ ਹੈ। ਹਰ ਸਾਲ ਸਰਵ ਸੁਖ ਸਾਂਤੀ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਸੁੰਦਰਕਾਂਡ ਦੇ ਪਾਠ ਕਰਵਾਏ ਜਾਂਦੇ ਹਨ। ਸਮੇਂ-ਸਮੇਂ ਤੇ ਬਜੁਰਗਾਂ ਦੀ ਭਲਾਈ ਲਈ ਮੰਨੋਰੰਜਨ ਦੇ ਸਾਧਨ ਅਤੇ ਨਿਰੋਈ ਸਿਹਤ ਲਈ ਮੈਡੀਕ ਕੈਂਪ ਲਗਾਏ ਜਾਂਦੇ ਹਨ। ਹਰ ਮਹੀਨੇ ਦੇ ਆਖਿਰੀ ਐਤਵਾਰ ਸੀਨੀਅਰ ਸਿਟੀਜਨ ਦੇ ਜਨਮਦਿਨ ਮਨ੍ਹਾ ਕੇ ਸਭਿਆਚਾਰਕ ਦੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਜਾਂਦਾ ਹੈ। ਵਾਤਾਵਰਨ ਦੀ ਸ਼ੁੱਧਤਾ ਲਈ ਬੂਟੇ ਲਗਾਏ ਜਾਂਦੇ ਹਨ। ਪ੍ਰਧਾਨ ਸ੍ਰੀ ਨਰਵਿੰਦਰ ਕੌਸ਼ਲ ਨੇ ਸਮੂਹ ਸੀਨੀਅਰ ਸਿਟੀਜਨ ਦਾ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਹਰ ਸਮੇਂ ਬਜੁਰਗਾਂ ਦੀ ਭਲਾਈ ਲਈ ਕੰਮ ਕਰਦੇ ਰਹਿਣਗੇ। ਇਸ ਮੌਕੇ ਤੇ ਏ ਪੀ ਸਿੰਘ ਬਾਬਾ, ਕਰਨੈਲ ਸਿੰਘ ਸ਼ੇਖੋਂ, ਸੁਰਿੰਦਰ ਸਿੰਘ ਸੋਢੀ , ਜਸਵੀਰ ਸਿੰਘ ਖਾਲਸਾ, ਸਤਵੰਤ ਸਿੰਘ ਮੌੜ, ਵਿਜੈ ਸਿਆਲ, ਹਰੀਦਾਸ ਸ਼ਰਮਾ, ਜਸਪਾਲ ਸ਼ਰਮਾ, ਭੁਪਿੰਦਰ ਸਿੰਘ ਜੱਸੀ, ਅਮਰਜੀਤ ਸ਼ਰਮਾ, ਮੋਦਨ ਸਿੰਘ, ਪਵਨ ਕੁਮਾਰ ਸਿੰਗਲਾ, ਓ ਪੀ ਅਰੋੜਾ, ਵਰਿੰਦਰ ਗੁਪਤਾ, ਧਰਮ ਪਾਲ ਬਾਤਿਸ਼, ਜਸਵੰਤ ਸਿੰਘ ਪਾਹਵਾ, ਰਾਮ ਸਰੂਪ ਅਲੀਸ਼ੇਰ, ਮੈਡਮ ਸੰਤੋਸ਼ ਆਨੰਦ, ਰੇਖਾ ਗੋਇਲ, ਦਰਸ਼ਨਾ ਮਿੱਤਲ, ਕ੍ਰਿਸ਼ਨਾ ਦੇਵੀ, ਜੋਗਿੰਦਰ ਕੌਰ, ਕੁਲਦੀਪ ਕੌਰ, ਕਮਲੇਸ਼ ਗਰਗ, ਉਰਮਿਲਾ , ਨੀਲਮ ਗੁਪਤਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਹੁੱਦੇਦਾਰ ਅਤੇ ਮੈਂਬਰ ਹਾਜ਼ਰ ਸਨ। ਆਰਤੀ ਉਪਰੰਤ ਫਲ, ਪ੍ਰਸ਼ਾਦ ਅਤੇ ਭੰਡਾਰਾ ਅਤੁੱਟ ਵਰਤਾਇਆ ਗਿਆ।



# ਕਾਂਗਰਸੀ ਵਰਕਰਾਂ ਵੱਲੋਂ ਅਮਰਗੜ੍ਹ ਦੇ ਵਿਧਾਇਕ ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ



**ਆਜ਼ਾਦ ਸੋਚ**
**ਕੁਲਵੰਤ ਸਿੰਘ ਮੁਹਾਲੀ**
**ਅਮਰਗੜ੍ਹ, 17 ਮਾਰਚ**

========================

ਪੰਜਾਬ ਦੀਆਂ ਕਰੋੜਾਂ ਔਰਤਾਂ ਨਾਲ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਝੂਠਾ ਵਾਅਦਾ ਕਰਕੇ ਸੱਤਾ ਤੇ ਕਾਬਜ਼ ਹੋਈ ਸੂਬੇ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਰੀਬ ਸਾਢੇ ਚਾਰ ਸਾਲ ਬੀਤਣ ਦੇ ਬਾਵਜੂਦ ਵੀ ਅੱਜ ਤੱਕ ਇੱਕ ਧੇਲਾ ਵੀ ਔਰਤਾਂ ਨੂੰ ਨਹੀਂ ਦਿੱਤਾ ਗਿਆ ਇਸ ਪ੍ਰਤੀ ਸੂਬੇ ਦੀਆਂ ਔਰਤਾਂ ਨੂੰ ਜਾਗਰੂਕ ਕਰਨ ਅਤੇ ਸੂਬਾ ਸਰਕਾਰ ਨੂੰ ਵਾਅਦਾ ਪੂਰਾ ਨਾ ਕਰਕੇ ਔਰਤਾਂ ਦੇ ਖਾਤੇ ਵਿੱਚ ਪਿਛਲੇ ਸਾਲਾਂ ਦੀ ਬਕਾਇਆ ਰਾਸ਼ੀ 48000/ ਦੇ ਕਰੀਬ ਨਾ ਪਾਉਣ ਦੇ ਰੋਸ ਵਜੋਂ ਅੱਜ ਜ਼ਿਲ੍ਹਾ ਮਲੇਰਕੋਟਲਾ ਦੇ ਹਲਕਾ ਅਮਰਗੜ੍ਹ ਦੇ ਵੱਡੀ ਗਿਣਤੀ ਕਾਂਗਰਸੀ ਵਰਕਰਾਂ ਵੱਲੋਂ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਅਤੇ ਹਲਕਾ ਅਮਰਗੜ੍ਹ ਦੇਸੀਨੀਅਰਕਾਂਗਰਸੀ ਆਗੂ ਸ੍ਰੀ ਕਮਲ ਧਾਲੀਵਾਲ ਦੀ ਅਗਵਾਈ ਵਿੱਚ ਹਲਕਾ ਵਿਧਾਇਕ ਪ੍ਰੋ ਜਸਵੰਤ ਸਿੰਘ ਗੱਜਣਮਾਜਰਾ ਦੇ ਦਫਤਰ ਅੱਗੇ ਦਰੀਆਂ ਉਪਰ ਬੈਠ ਕੇ ਕਈ ਘੰਟੇ ਰੋਸ ਧਰਨਾ ਦਿੱਤਾ ਗਿਆ

ਇਸ ਧਰਨੇ ਨੂੰ ਸੰਬੋਧਨ ਕਰਦਿਆਂ ਸ੍ਰੀ ਕਮਲ ਧਾਲੀਵਾਲ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਉਪਰ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸਰਕਾਰ ਸਿਰਫ ਝੂਠੇ ਵਾਅਦੇ ਕਰਨ ਵਾਲੀ ਸਰਕਾਰ ਸਿੱਧ ਹੋਈ ਜਿਸਨੇ ਸੂਬੇ ਦੇ ਹਰ ਵਰਗ ਨਾਲ ਵਾਅਦਾ ਖਿਲਾਫੀ ਕੀਤੀ ਹੈ ਭਾਵੇਂ ਉਹ ਮੁਲਾਜ਼ਮ ਵਰਗ ਹੋਏ, ਮਜਦੂਰ ਵਰਗ ਹੋਏ, ਜਾਂ ਸੂਬੇ ਦੀਆਂ ਔਰਤਾਂ ਸਮੇਤ ਕੋਈ ਵੀ ਹੋਏ ਸਰਕਾਰ ਨੇ ਹਰ ਇੱਕ ਨੂੰ ਲੌਲੀਪੌਪ ਦੇਕੇ ਸਾਰਿਆ ਹੈ ਕਿਸੇ ਨੂੰ ਕੁੱਝ ਨਹੀਂ ਦਿੱਤਾ।ਉਨ੍ਹਾਂ ਹਲਕਾ ਵਿਧਾਇਕ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਜੇਕਰ ਹਲਕਾ ਵਿਧਾਇਕ ਨੂੰ ਕੋਈ ਕੰਮ ਸੀ ਤਾਂ ਉਹ ਆਪਣੇ ਕਿਸੇ ਨੁਮਾਇੰਦੇ ਰਾਹੀਂ ਸਾਡੀ ਗੱਲਬਾਤ ਸੁਣਦੇ ਅਤੇ ਜਵਾਬ ਦਿੰਦੇ। ਉਨ੍ਹਾਂ ਹਲਕੇ ਦੀਆਂ ਮਾਂਵਾਂ ਭੈਣਾਂ ਨੂੰ ਅਪੀਲ ਕੀਤੀ ਕਿ ਸਰਕਾਰ ਹੁਣ ਔਰਤਾਂ ਨੂੰ ਸਿਰਫ ਇੱਕ ਦੋ ਹਜ਼ਾਰ ਰੁਪਏ ਦੇਕੇ ਭਰਮਾਉਣਾ ਚਾਹੁੰਦੀ ਜਦਕਿ ਸਰਕਾਰ ਕੋਲ ਔਰਤਾਂ ਨੂੰ ਦੇਣ ਲਈ ਕੋਈ ਨਿਰਧਾਰਿਤ ਫੰਡ ਹੀ ਨਹੀ ਹੈ।

ਇਸ ਮੌਕੇ ਹਲਕਾ ਇੰਚਾਰਜ ਸਮਿਤ ਸਿੰਘ ਮਾਨ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਆਪ ਸਰਕਾਰ ਨੂੰ ਹੁਣ ਜਦੋਂ ਆਉਣ ਵਾਲੀਆਂ ਚੋਣਾਂ ਵਿੱਚ ਆਪਣੀ ਹਾਰ ਨਜ਼ਰ ਆ ਰਹੀ ਹੈ ਤਾਂ ਉਹ ਔਰਤਾਂ ਨੂੰ ਇੱਕ ਹਜ਼ਾਰ ਰੁ ਦੇਣ ਲਈ ਅਜੇ ਵੀ ਫਾਰਮ ਭਰਵਾ ਰਹੀ ਹੈ ਜੋ ਕਿ 01 ਅਪ੍ਰੈਲ ਤੋਂ ਸਾਇਦ ਸ਼ੁਰੂ ਕਰਨਗੇ ਅਤੇ ਕਈ ਮਹੀਨੇ ਫਾਰਮ ਭਰਨ ਨੂੰ ਲਗਾ ਦੇਣਗੇ ਫਿਰ ਇੱਕ ਅੱਧਾ ਮਹੀਨਾ ਦੇਕੇ ਆਖਣਗੇ ਕੀ ਸਰਕਾਰ ਕੋਲ ਫੰਡ ਨਹੀਂ ਅਸੀਂ ਦੇ ਨਹੀ ਸਕਦੇ ਇਸ ਤਰਾਂ ਇਹ ਔਰਤਾਂ ਨੂੰ ਗੁਮਰਾਹ ਕਰਕੇ ਵੋਟਾਂ ਵਟੋਰਨ ਲਈ ਰਾਜਨੀਤੀ ਕੀਤੀ ਜਾ ਰਹੀ ਇਸ ਤੋਂ ਸਿਵਾਏ ਕੁੱਝ ਵੀ ਨਹੀ ਹੈ।ਉਨ੍ਹਾਂ ਬੀਬੀਆਂ ਭੈਣਾਂ ਨੂੰ ਸਰਕਾਰ ਦੇ ਇਸ ਲੋਕ ਲੁਭਾਊ ਐਲਾਨ ਉਪਰ ਯਕ ?ੀਨ ਨਾ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਕਾਂਗਰਸ ਦੀ ਸਰਕਾਰ ਬਣਾਉਣੀ ਬਹੁਤ ਜਰੂਰੀ ਹੈ, ਇਸ ਤੋਂ ਬਿਨਾਂ ਕੋਈ ਚਾਰਾ ਨਹੀ ਚੱਲ ਸਕਦਾ।ਇਸ ਮੌਕੇ ਗੁਰਪ੍ਰੀਤ ਸਿੰਘ ਬਾਬਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਐਸ ਸੀ ਸੈੱਲ, ਸ੍ਰੀ ਰੂਬਲ ਨਾਰੀਕੇ ਸੀਨੀਅਰ ਕਾਂਗਰਸੀ ਆਗੂ, ਦੀਪਕ ਸ਼ਰਮਾ ਬਲਾਕ ਪ੍ਰਧਾਨ ਅਹਿਮਦਗੜ੍ਹ ਸ਼ਹਿਰੀ, ਰੁਪਿੰਦਰ ਸਿੰਘ ਪਿੰਦੂ ਬਲਾਕ ਪ੍ਰਧਾਨ ਅਹਿਮਦਗੜ੍ਹ,,ਸ੍ਰੀਮਤੀ ਸ਼ਾਲਨੀ ਚਹਿਲ ਯੂਥ ਕਾਂਗਰਸ ਆਗੂ,ਡਾ ਮਹਿੰਦਰ ਸਿੰਘ ਅਮਰਗੜ੍ਹ ਪ੍ਰਧਾਨ ਸ਼ਹਿਰੀ ਕਾਂਗਰਸ, ਹਰਜਿੰਦਰ ਸਿੰਘ ਕਾਕਾ ਆਦਿ ਆਗੂਆਂ ਵੱਲੋਂ ਪੰਜਾਬ ਸਰਕਾਰ ਨੂੰ ਤਿੱਖੇ ਰਗੜੇ ਲਾਏ।

ਇਸ ਤੋਂ ਇਲਾਵਾ ਇਸ ਧਰਨੇ ਵਿੱਚ ਨਿਰਮਲਜੀਤ ਸਿੰਘ ਸੰਗਾਲੀ ਮੈਂਬਰ ਜ਼ਿਲ੍ਹਾ ਡਾ ਹਰਦੀਪ ਸਿੰਘ ਭੋਗੀਵਾਲ, ਗੁਰਪ੍ਰੀਤ ਸਿੰਘ ਭੜੀਮਾਨਸਾ,ਸ੍ਰੀਮਤੀ ਕੁਲਵਿੰਦਰ ਕੌਰ ਸੰਮਤੀ ਮੈਂਬਰ, ਸ੍ਰੀ ਮਤੀ ਕੁਲਵੰਤ ਕੌਰ ਉਪੋਕੀ ਪ੍ਰਧਾਨ ਬਲਾਕ ਮਹਿਲਾ ਕਾਂਗਰਸ,ਪਰਮਜੀਤ ਕੌਰ ਸਰੌਦ, ਜਸਵਿੰਦਰ ਸਿੰਘ ਜੱਸੀ ਚੀਮਾ ਯੂਥ ਕਾਂਗਰਸ ਆਗੂ, ਸ੍ਰੀ ਪ੍ਰਿੰਸ ਜੋਸ਼ੀ ਪ੍ਰਧਾਨ ਸਨਾਤਨ ਸਭਾ ਅਮਰਗੜ੍ਹ, ਰੂਪ ਸਿੰਘ ਪੰਚ, ਮਾ ਸ਼ੇਰ ਸਿੰਘ ਐਮ ਸੀ,ਪਰਮਜੀਤ ਸਿੰਘ ਸਾਬਕਾ ਸਰਪੰਚ ਬਾਗੜੀਆਂ,ਭੁਪਿੰਦਰ ਸਿੰਘ ਲਾਂਗੜੀਆਂ ਸਾਬਕਾ ਬਲਾਕ ਪ੍ਰਧਾਨ, ਜਸਵੀਰ ਸਿੰਘ ਸਲੇਮਪੁਰ,ਬਲਜਿੰਦਰ ਸਿੰਘ ਦੌਲਤਪੁਰ,ਰਾਜਵਿੰਦਰ ਸਿੰਘ ਲਾਲਾ,ਗੁਰਪ੍ਰੀਤ ਸਿੰਘ ਸਰੌਦ, ਹਰਪ੍ਰੀਤ ਸਿੰਘ ਫੌਜੀ ਭੜੀਮਾਨਸਾ, ਗੁਰਮੀਤ ਸਿੰਘ ਲਸੋਈ, ਗੁਰਪ੍ਰੀਤ ਚੋਪੜਾ, ਚੇਤੰਨ ਸਿੰਘ ਚੌਂਦਾ, ਕੇਵਲ ਸਿੰਘ ਬਾਠਾਂ ਅਤੇ ਵੱਡੀ ਗਿਣਤੀ ਕਾਂਗਰਸੀ ਵਰਕਰ ਧਰਨੇ ਵਿੱਚ ਸ਼ਾਮਲ ਹੋਏ।